ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾਂ

ਮਿਤੀ 27 ਅਪਰੈਲ, 1988

ਨੰ: 1/ਭ:ਕ/88.—ਪੰਜਾਬ ਭੌਂ ਸੁਧਾਰ ਐਕਟ, 1972 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ਓ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

Notification

The 27th April, 1988

No. 1/L.C./88.—The Translation in Punjabi of Punjab Land Reforms Act, 1972 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਭੌਂ ਸੁਧਾਰ ਐਕਟ, 1972

1973 ਦਾ ਪੰਜਾਬ ਐਕਟ ਨੰ: 10

ਪੰਜਾਬ ਰਾਜ ਵਿੱਚ ਭੌਂ ਖਾਤਿਆਂ ਦੀ ਉਚਤਮ ਸੀਮਾ, ਮੁਜ਼ਾਰਿਆਂ ਦੁਆਰਾ ਮਾਲਕੀ ਅਧਿਕਾਰਾਂ ਦਾ ਅਰਜਨ ਅਤੇ ਹੋਰ ਅਨੁਸੰਗਕ ਮਾਮਲਿਆਂ ਸਬੰਧੀ ਕਾਨੂੰਨ ਨੂੰ ਸੰਚਿਤ ਕਰਨ ਅਤੇ ਸੋਧਣ ਲਈ ਐਕਟ ।

ਭਾਰਤ ਗਣਰਾਜ ਦੇ ਤੇਈਵੇਂ ਸਾਲ ਵਿਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ :—

ਸੰਖੇਪ ਨਾਂ, ਵਿਸਤਾਰ ਅਤੇ ਅਰੰਭ ।

1. (1) ਇਸ ਐਕਟ ਨੂੰ ਪੰਜਾਬ ਭੌਂ ਸੁਧਾਰ ਐਕਟ, 1972 ਕਿਹਾ ਜਾ ਸਕੇਗਾ ।

(2) ਇਸ ਦਾ ਵਿਸਤਾਰ ਸਾਰੇ ਪੰਜਾਬ ਰਾਜ ਤੇ ਹੈ।

(3) ਇਹ ਫ਼ੌਰਨ ਨਾਫ਼ਜ਼ ਹੋਵੇਗਾ ।

## ਅਧਿਆਏ I — ਪ੍ਰਾਰੰਭਕ

ਕੁਝ ਕੁ ਨਿਦੇਸ਼ਕ ਸਿਧਾਂਤਾਂ ਨੂੰ ਪ੍ਰਭਾਵੀ ਬਣਾਉਣ ਬਾਬਤ ਐਲਾਨ ।

2. ਇਸ ਦੁਆਰਾ ਇਹ ਐਲਾਨ ਕੀਤਾ ਜਾਂਦਾ ਹੈ ਕਿ ਇਹ ਐਕਟ ਭਾਰਤ ਦੇ ਸੰਵਿਧਾਨ ਦੇ ਅਨੁਛੇਦ 39 ਦੇ ਖੰਡਾਂ (ਅ) ਅਤੇ (ੲ) ਵਿੱਚ ਉਲਿਖਤ ਸਿਧਾਂਤਾਂ ਨੂੰ ਸੁਨਿਸਚਿਤ ਕਰਾਉਣ ਵੱਲ ਰਾਜ ਦੀ ਨੀਤੀ ਨੂੰ ਪ੍ਰਭਾਵੀ ਬਣਾਉਣ ਲਈ ਹੈ ।

ਪਰਿਭਾਸ਼ਾਵਾਂ ।

3. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰਵੇ ਨ ਲੋੜੇ,—

(1) "ਨਿਯਤ ਦਿਨ" ਦਾ ਮਤਲਬ ਹੈ 1971 ਦੀ ਜਨਵਰੀ ਦਾ ਚੌਵੀਵਾਂ ਦਿਨ;

Scanned with OKEN Scanner

(2) "ਬੰਜਰ ਭੋਂ" ਦਾ ਮਤਲਬ ਹੈ ਉਹ ਭੋਂ ਜੋ ਉਸ ਤਰੀਕ, ਜਿਸ ਨੂੰ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਅਜਿਹੀ ਭੋਂ ਬੰਜਰ ਹੈ ਜਾਂ ਨਹੀਂ, ਤੋਂ ਤੁਰਤ ਪਹਿਲਾਂ ਘੱਟ ਤੋਂ ਘੱਟ ਚਾਰ ਸਾਲਾਂ ਦੀ ਲਗਾਤਾਰ ਮੁਦੱਤ ਲਈ ਅਣਕਾਸ਼ਤ ਰਹੀ ਹੈ;

(3) "ਕੁਲੈਕਟਰ" ਦਾ ਮਤਲਬ ਹੈ ਜ਼ਿਲ੍ਹੇ ਦਾ ਕੁਲੈਕਟਰ ਜਾਂ ਕੋਈ ਹੋਰ ਅਜਿਹਾ ਅਫ਼ਸਰ ਜਿਸ ਦਾ ਰੈਂਕ ਪਹਿਲੇ ਦਰਜੇ ਦੇ ਸਹਾਇਕ ਕੁਲੈਕਟਰ ਤੋਂ ਥਲੇ ਨਹੀਂ ਹੈ ਅਤੇ ਜੋ ਰਾਜ ਸਰਕਾਰ ਦੁਆਰਾ ਇਸ ਨਮਿਤ ਸ਼ਕਤੀ-ਪ੍ਰਾਪਤ ਹੈ;

(4) "ਪਰਿਵਾਰ" ਦਾ, ਕਿਸੇ ਵਿਅਕਤੀ ਦੇ ਸੰਬੰਧ ਵਿਚ ਮਤਲਬ ਹੈ ਉਹ ਵਿਅਕਤੀ, ਅਜਿਹੇ ਵਿਅਕਤੀ ਦੀ ਪਤਨੀ ਜਾਂ, ਜਿਹੀ ਕਿ ਸੂਰਤ ਹੋਵੇ, ਪਤੀ, ਅਤੇ ਵਿਆਹਤ ਨਾਬਾਲਗ ਧੀ ਤੋਂ ਬਿਨਾਂ ਉਸ ਦੇ ਹੋਰ ਨਾਬਾਲਗ ਬੱਚੇ ;

(5) "ਭੋਂ" ਦਾ ਮਤਲਬ ਹੈ ਉਹ ਭੋਂ ਜੋ ਕਿਸੇ ਨਗਰ ਜਾਂ ਪਿੰਡ ਵਿੱਚ ਕਿਸੇ ਇਮਾਰਤ ਦੇ ਸਥਲ ਦੇ ਤੌਰ ਤੇ ਮਲੀ ਹੋਈ ਨਹੀਂ ਹੈ ਅਤੇ ਜ਼ਰਾਇਤੀ ਪ੍ਰਯੋਜਨਾਂ ਲਈ ਜਾਂ ਖੇਤੀ ਦੇ ਅਨੁਸੇਵੀ ਪ੍ਰਯੋਜਨਾਂ ਲਈ ਜਾਂ ਚਰਾਂਦ ਨੇ ਮਲੀ ਹੋਈ ਹੈ ਜਾਂ ਪੱਟੇ ਤੇ ਦਿੱਤੀ ਹੋਈ ਹੈ ਅਤੇ ਇਸ ਵਿੱਚ—

(ੳ) ਅਜਿਹੀ ਭੋਂ ਤੇ ਇਮਾਰਤਾਂ ਦੇ ਸਥਲ ਅਤੇ ਹੋਰ ਬਣਤਾਂ, ਅਤੇ

(ਅ) ਬੰਜਰ ਭੋਂ;

ਵੀ ਸ਼ਾਮਲ ਹਨ;

(6) "ਭੋਂ-ਮਾਲਕ" ਦਾ ਉਹ ਅਰਥ ਹੋਵੇਗਾ ਜੋ ਉਸ ਨੂੰ 'ਪੰਜਾਬ ਮਾਲੀਆ ਐਕਟ, 1887' (1887 ਦਾ ਪੰਜਾਬ ਐਕਟ XVII) ਵਿੱਚ ਦਿੱਤਾ ਗਿਆ ਹੈ;

ਵਿਆਖਿਆ:—ਬਾਕਬਜ਼ਾ ਰਹਿਨ ਭੋਂ ਦੇ ਬਾਰੇ ਰਹਿਨਦਾਰ ਭੋਂ ਮਾਲਕ ਸਮਝਿਆ ਜਾਵੇਗਾ;

(7) "ਨਾਬਾਲਗ" ਦਾ ਮਤਲਬ ਹੈ ਉਹ ਵਿਅਕਤੀ ਜਿਸ ਦੀ ਅਠਾਰਾਂ ਸਾਲ ਦੀ ਉਮਰ ਮੁਕੰਮਲ ਨਹੀਂ ਹੋਈ;

(8) "ਬਗੀਚਾ" ਦਾ ਮਤਲਬ ਹੈ ਭੋਂ ਦਾ ਗੁਥਵਾਂ ਖੇਤਰ ਜਿਸ ਤੇ ਫਲ ਦੇਣ ਵਾਲੇ ਰੁੱਖ ਇੰਨੀ ਗਿਣਤੀ ਵਿੱਚ ਉਗਾਏ ਗਏ ਹਨ ਕਿ ਉਸ ਭੋਂ ਦਾ ਵੱਡਾ ਭਾਗ ਕਿਸੇ ਹੋਰ ਜ਼ਰਾਇਤੀ ਪ੍ਰਯੋਜਨ ਲਈ ਵਰਤਿਆ ਜਾ ਸਕਦਾ ਜਾਂ ਜਦ ਉਹ ਪੂਰੇ ਤੌਰ ਤੇ ਵੱਡੇ ਹੋ ਜਾਣਗੇ ਤਾਂ ਨਹੀਂ ਵਰਤਿਆ ਜਾ ਸਕੇਗਾ, ਪਰ ਇਸ ਵਿੱਚ ਕੇਲੇ ਜਾਂ ਅਮਰੂਦ ਦੇ ਰੁੱਖਾਂ ਅਧੀਨ ਭੋਂ ਜਾਂ ਅੰਗੂਰਾਂ ਦੇ ਬਾਗ਼ ਵਿੱਚ ਸਮਾਵਿਸ਼ਟ ਭੋਂ ਸ਼ਾਮਲ ਨਹੀਂ ਹੋਵੇਗੀ;

(9) "ਪੈਪਸੂ ਕਾਨੂੰਨ" ਦਾ ਮਤਲਬ ਹੈ 'ਦ ਪੈਪਸੂ ਟੇਨੈਸੀ ਐਂਡ ਐਗਰੀਕਲਚਰਲ ਲੈਂਡਜ਼ ਐਕਟ, 1955, ;

(10) "ਵਿਅਕਤੀ" ਵਿੱਚ ਕੰਪਨੀ, ਪਰਿਵਾਰ, ਸਭਾ ਜਾਂ ਵਰਦਾਂ ਦੀ ਹੋਰ ਬੌਡੀ, ਭਾਵੇਂ ਨਿਗਮਤ ਹੋਵੇ ਜਾਂ ਨ, ਅਤੇ ਕੋਈ ਅਜਿਹੀ ਸੰਸਥਾ ਸ਼ਾਮਲ ਹੈ ਜੋ ਸੰਪਤੀ ਧਾਰਨ ਕਰ ਸਕਦੀ ਹੋਵੇ;

(11) "ਮੁਕੱਰਰ ਕੀਤਾ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਮੁਕੱਰਰ ਕੀਤਾ;

(12) "ਪੰਜਾਬ ਕਾਨੂੰਨ" ਦਾ ਮਤਲਬ ਹੈ 'ਦ ਪੰਜਾਬ ਸੀਕਿਉਰਿਟੀ ਔਫ਼ ਲੈਂਡ ਟੈਨਿ-ਉਰਜ਼ ਐਕਟ, 1953';

(13) "ਖੁਦ-ਕਾਸ਼ਤ" ਦਾ ਮਤਲਬ ਹੈ ਭੋਂ-ਮਾਲਕ ਦੁਆਰਾ ਜਾਂ ਤਾਂ ਨਿਜੀ ਤੌਰ ਤੇ ਜਾਂ ਆਪਣੇ ਪਰਿਵਾਰ ਦੇ ਕਿਸੇ ਜੀਅ ਰਾਹੀਂ ਜਾਂ ਆਪਣੇ ਭਰਾ ਰਾਹੀਂ, ਜਾਂ ਭੋਂ ਮਾਲਕ ਦੀ ਨਿਜੀ ਨਿਗਰਾਨੀ ਜਾਂ ਆਪਣੇ ਪਰਿਵਾਰ ਦੇ ਕਿਸੇ ਜੀਅ ਦੀ ਨਿਗਰਾਨੀ ਅਧੀਨ ਨੌਕਰ ਜਾਂ ਭਾੜੇ ਦੇ ਮਜ਼ਦੂਰ ਰਾਹੀਂ ਕਾਸ਼ਤ, ਇਸ ਸ਼ਰਤ ਦੇ ਤਾਬੇ ਕਿ ਨੌਕਰ ਜਾਂ ਭਾੜੇ ਦੇ ਮਜ਼ਦੂਰ ਨੂੰ ਉਜਰਤ ਨਕਦ ਜਾਂ ਜਿਨਸ ਦੇ ਰੂਪ ਵਿੱਚ ਜਾਂ ਅੰਸ਼ਕ ਤੌਰ ਤੇ ਨਕਦ ਅਤੇ ਅੰਸ਼ਕ ਤੌਰ ਤੇ ਜਿਨਸ ਦੇ ਰੂਪ ਵਿੱਚ ਅਦਾ ਕੀਤੀ ਜਾਂਦੀ ਹੈ ਪਰ ਉਪਜ ਦੇ ਹਿੱਸੇ ਦੇ ਰੂਪ ਵਿੱਚ ਨਹੀਂ;

(14) * * * * *

(15) "ਵਾਫ਼ਰ ਰਕਬਾ" ਦਾ ਮਤਲਬ ਹੈ ਇਜਾਜ਼ਤੀ ਰਕਬੇ ਤੋਂ ਵੱਧਦਾ ਰਕਬਾ;

(16) "ਮੁਜ਼ਾਰਾ" ਦਾ ਅਰਥ ਉਹ ਹੈ ਜੋ ਉਸ ਨੂੰ 'ਦ ਪੰਜਾਬ ਟੇਨੈਂਸੀ ਐਕਟ, 1887' (1887 ਦਾ ਐਕਟ XVI) ਵਿੱਚ ਦਿੱਤਾ ਗਿਆ ਹੈ ਅਤੇ ਇਸ ਵਿੱਚ ਉਪ-ਮੁਜ਼ਾਰਾ ਅਤੇ ਖੁਦ-ਕਾਸ਼ਤ ਕਰਨ ਵਾਲਾ ਪੱਟੇਦਾਰ ਸ਼ਾਮਲ ਹੈ, ਪਰ ਇਸ ਵਿੱਚ ਵਰਤਮਾਨ ਧਾਰਕ, ਜਿਵੇਂ ਉਸ ਦੀ ਪਰਿਭਾਸ਼ਾ 'ਦ ਈਸਟ ਪੰਜਾਬ ਡਿਸਪਲੇਸਡ ਪਰਸਨਜ਼ (ਲੈਂਡ ਰੀਸੈਟਲਮੈਂਟ) ਐਕਟ, 1949' ਦੀ ਧਾਰਾ 2 ਦੇ ਖੰਡ (ਕ) ਵਿੱਚ ਕੀਤੀ ਗਈ ਹੈ, ਸ਼ਾਮਲ ਨਹੀਂ ਹੈ;

(17) ਹੋਰ ਸਭ ਸ਼ਬਦਾਂ ਅਤੇ ਪਦਾਂ ਦੇ, ਜੋ ਇਥੇ ਵਰਤੇ ਗਏ ਹਨ ਅਤੇ ਪਰਿਭਾਸ਼ਤ ਨਹੀਂ ਹਨ ਪਰ ਜੋ 'ਦ ਪੰਜਾਬ ਟੇਨੈਂਸੀ ਐਕਟ, 1887' (1887 ਦਾ ਪੰਜਾਬ ਐਕਟ XVI) ਜਾਂ 'ਪੰਜਾਬ ਮਾਲੀਆ ਐਕਟ, 1887 (1887 ਦਾ ਪੰਜਾਬ ਐਕਟ XVII) ਵਿੱਚ ਪਰਿਭਾਸ਼ਤ ਹਨ ਅਰਥ ਉਹ ਹੋਣਗੇ ਜੋ ਉਨ੍ਹਾਂ ਨੂੰ ਇਨ੍ਹਾਂ ਦੋਹਾਂ ਐਕਟਾਂ ਵਿਚੋਂ ਕਿਸੇ ਵਿੱਚ ਦਿੱਤੇ ਗਏ ਹਨ।

Scanned with OKEN Scanner

## ਅਧਿਆਇ II

### ਭੋਂ ਦੀ ਉਚਤਮ ਸੀਮਾ

ਇਜਾਜ਼ਤੀ ਰਕਬਾ।

4. (1) ਧਾਰਾ 5 ਦੇ ਉਪਬੰਧਾਂ ਦੇ ਤਾਬੇ, ਕੋਈ ਵਿਅਕਤੀ ਭੋਂ ਮਾਲਕ ਜਾਂ ਬਾ-ਕਬਜ਼ਾ ਕਬਜ਼ਾ ਰਹਿਨਦਾਰ ਜਾਂ ਮੁਜ਼ਾਰੇ ਵਜੋਂ ਜਾਂ ਅੰਸ਼ਕ ਤੌਰ ਤੇ ਇੱਕ ਹੈਸੀਅਤ ਵਿੱਚ ਅਤੇ ਅੰਸ਼ਕ ਤੌਰ ਤੇ ਦੂਜੀ ਵਿੱਚ ਇਜਾਜ਼ਤੀ ਰਕਬੇ ਤੋਂ ਵੱਧ ਭੋਂ ਦਾ ਮਾਲਕ ਨਹੀਂ ਹੋਵੇਗਾ, ਨ ਉਸ ਰਕਬੇ ਤੋਂ ਵੱਧ ਭੋਂ ਧਾਰਨ ਕਰੇਗਾ।

(2) "ਇਜਾਜ਼ਤੀ ਰਕਬੇ" ਦਾ ਮਤਲਬ ਹੋਵੇਗਾ——

(ੳ) ਸੁਨਿਸਚਿਤ ਸਿੰਜਾਈ ਅਧੀਨ ਅਤੇ ਸਾਲ ਵਿੱਚ ਘੱਟ ਤੋਂ ਘੱਟ ਦੋ ਫ਼ਸਲਾਂ ਦੇਣ ਦੇ ਸਮਰੱਥ ਭੋਂ ਬਾਰੇ (ਜਿਸ ਦਾ ਇਸ ਐਕਟ ਵਿੱਚ ਇਸ ਤੋਂ ਪਿੱਛੋਂ ਪਹਿਲੇ ਦਰਜੇ ਦੀ ਭੋਂ ਹਵਾਲਾ ਦਿੱਤਾ ਗਿਆ ਹੈ) ਸੱਤ ਹੈਕਟਰ, ਜਾਂ

(ਅ) ਸਾਲ ਵਿੱਚ ਕੇਵਲ ਇਕ ਫ਼ਸਲ ਲਈ ਸੁਨਿਸ਼ਚਿਤ ਸਿੰਜਾਈ ਅਧੀਨ ਭੋਂ ਬਾਰੇ, ਯਾਰ੍ਹਾਂ ਹੈਕਟਰ; ਜਾਂ

(ੲ) ਬਰਾਨੀ ਭੋਂ ਬਾਰੇ, 20.5 ਹੈਕਟਰ; ਜਾਂ

(ਸ) ਹੋਰ ਵਰਗਾਂ ਦੀ ਭੋਂ ਬਾਰੇ ਜਿਸ ਵਿੱਚ ਬੰਜਰ ਭੋਂ ਸ਼ਾਮਲ ਹੈ, ਉਹ ਰਕਬਾ ਜੋ ਉਪਰ (ੳ), (ਅ) ਅਤੇ (ੲ) ਵਿੱਚ ਜ਼ਿਕਰ ਕੀਤੇ ਭੋਂ ਦੇ ਵਰਗਾਂ ਦੇ ਆਪੋ ਆਪਣੇ ਮੁੱਲ ਅਤੇ ਇਜਾਜ਼ਤੀ ਰਕਬੇ ਨੂੰ ਧਿਆਨ ਵਿੱਚ ਰੱਖਦੇ ਹੋਏ, ਅਜਿਹੇ ਵਰਗਾਂ ਦੀ ਸਿੰਜਾਈ ਦੀ ਮਾਤਰਾ, ਉਪਜਾਊਪਨ ਅਤੇ ਮਿੱਟੀ ਦੇ ਵਰਗੀਕਰਣ ਦੇ ਹਵਾਲੇ ਨਾਲ ਮੁਕੱਰਰ ਪੈਮਾਨੇ ਅਨੁਸਾਰ ਤੈਅ ਕੀਤਾ ਜਾਵੇ, ਪਰ ਇਸ ਸ਼ਰਤ ਦੇ ਤਾਬੇ ਕਿ ਇਸ ਤਰ੍ਹਾਂ ਤੈਅ ਕੀਤਾ ਰਕਬਾ 21.8 ਹੈਕਟਰ ਤੋਂ ਵੱਧ ਨਹੀਂ ਹੋਵੇਗਾ:

ਪਰੰਤੂ——

(i) ਜਿੱਥੇ ਭੋਂ ਦੋ ਜਾਂ ਵੱਧ ਵਰਗਾਂ ਤੋਂ ਮਿਲਕੇ ਬਣਦੀ ਹੈ, ਉਥੇ ਇਜਾਜ਼ਤੀ ਰਕਬਾ, ਭੋਂ ਦੇ ਅਜਿਹੇ ਵਰਗਾਂ ਦੇ ਸਾਪੇਖ ਮੁੱਲ ਦੇ ਆਧਾਰ ਤੇ ਤੈਅ ਕੀਤਾ ਜਾਵੇਗਾ, ਪਰ ਇਸ ਸ਼ਰਤ ਦੇ ਤਾਬੇ ਕਿ ਇਹ 21.8 ਹੈਕਟਰ ਤੋਂ ਨ ਵਧੇ;

(ii) ਜਿੱਥੇ ਪਰਿਵਾਰ ਦੇ ਜੀਆਂ ਦੀ ਗਿਣਤੀ ਪੰਜ ਤੋਂ ਵੱਧ ਹੈ, ਉਥੇ ਪੰਜ ਤੋਂ ਵੱਧਦੇ ਹਰੇਕ ਜੀਅ ਲਈ ਇਜਾਜ਼ਤੀ ਰਕਬੇ ਵਿੱਚ ਇਕ-ਬਟਾ ਪੰਜ ਦਾ ਵਾਧਾ ਕਰ ਦਿੱਤਾ ਜਾਵੇਗਾ, ਪਰ ਇਸ ਸ਼ਰਤ ਦੇ ਤਾਬੇ ਕਿ ਅਤਿਰਿਕਤ ਭੋਂ ਤੋਂ ਵੱਧ ਅਜਿਹੇ ਤਿੰਨ ਜੀਆਂ ਨੂੰ ਦਿੱਤੀ ਜਾਵੇਗੀ।

(3) ਉਪ-ਧਾਰਾ (2) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਕੋਈ ਭੋਂ ਨਿਯਤ ਦਿਨ ਨੂੰ ਬਗੀਚੇ ਵਿੱਚ ਸਮਾਵਿਸ਼ਟ ਹੈ, ਉਥੇ ਇਜਾਜ਼ਤੀ ਰਕਬਾ ਤੈਅ ਕਰਨ ਦੇ ਪ੍ਰਯੋਜਨ ਲਈ ਅਜਿਹੀ ਭੋਂ ਬਰਾਨੀ ਭੋਂ ਮੰਨੀ ਜਾਵੇਗੀ।

Scanned with OKEN Scanner

(4) (ੳ) ਜਿੱਥੇ ਕੋਈ ਵਿਅਕਤੀ ਰਜਿਸਟਰਸ਼ੁਦਾ ਸਹਿਕਾਰੀ ਖੇਤੀ ਸੋਸਾਇਟੀ ਦਾ ਮੈਂਬਰ ਹੈ, ਉਥੇ ਇਜਾਜ਼ਤੀ ਰਕਬਾ ਤੈਅ ਕਰਨ ਲਈ ਅਜਿਹੀ ਸੋਸਾਇਟੀ ਦੁਆਰਾ ਧਾਰਨ ਕੀਤੀ ਭੋਂ ਵਿੱਚ ਉਸ ਦਾ ਹਿੱਸਾ, ਸਮੇਤ ਉਸ ਦੀ ਕਿਸੇ ਹੋਰ ਭੋਂ ਦੇ, ਜੇ ਕੋਈ ਹੋਵੇ, ਜਾਂ ਜੇ ਅਜਿਹਾ ਵਿਅਕਤੀ ਕਿਸੇ ਪਰਿਵਾਰ ਦਾ ਜੀਅ ਹੈ, ਤਾਂ ਉਸ ਪਰਿਵਾਰ ਦੇ ਹਰਿਕ ਜੀਅ ਦੁਆਰਾ ਧਾਰਨ ਕੀਤੀ ਭੋਂ ਸਮੇਤ, ਲੇਖੇ ਵਿੱਚ ਲਿਆ ਜਾਵੇਗਾ;

(ਅ) ਜਿੱਥੇ ਕੋਈ ਵਿਅਕਤੀ ਕਿਸੇ ਪਰਿਵਾਰ ਦਾ ਜੀਅ ਹੈ, ਉਥੇ ਇਜਾਜ਼ਤੀ ਰਕਬਾ ਤੈਅ ਕਰਨ ਲਈ ਅਜਿਹੇ ਵਿਅਕਤੀ ਦੁਆਰਾ ਧਾਰਨ ਕੀਤੀ ਭੋਂ ਉਸ ਪਰਿਵਾਰ ਦੇ ਹਰਿਕ ਹੋਰ ਜੀਅ ਦੁਆਰਾ ਭਾਵੇਂ ਵਿਅਕਤੀਗਤ ਰੂਪ ਵਿੱਚ ਜਾਂ ਸੰਯੁਕਤ ਰੂਪ ਵਿੱਚ ਧਾਰਨ ਕੀਤੀ ਭੋਂ ਸਮੇਤ ਲੇਖੇ ਵਿੱਚ ਲਈ ਜਾਵੇਗੀ।

(5) ਇਜਾਜ਼ਤੀ ਰਕਬਾ ਤੈਅ ਕਰਨ ਵਿੱਚ ਕੋਈ ਭੋਂ ਜੋ ਨਿਯਤ ਦਿਨ ਤੋਂ ਪਿਛੋਂ ਪਰ ਇਸ ਐਕਟ ਦੇ ਅਰੰਭ ਤੋਂ ਪਹਿਲਾਂ, ਵਿਕਰੀ ਦੁਆਰਾ, ਹਿੱਸੇ ਦੁਆਰਾ ਜਾਂ ਹੋਰਵੇਂ ਮੁੰਤਕਿਲ ਕੀਤੀ ਗਈ ਸੀ, ਸਦਭਾਵ ਪੂਰਬਕ ਵਿਕਰੀ ਜਾਂ ਇੰਤਕਾਲ ਨੂੰ ਛੱਡ ਕੇ , ਇਸ ਤਰ੍ਹਾਂ ਲੇਖੇ ਵਿੱਚ ਲਈ ਜਾਵੇਗੀ ਜਿਵੇਂ ਉਹ ਭੋਂ ਮੁੰਤਕਿਲ ਨ ਕੀਤੀ ਗਈ ਹੋਵੇ ਅਤੇ ਇੰਤਕਾਲ ਦਾ ਸਦਭਾਵ ਪੂਰਬਕ ਹੋਣਾ ਸਾਬਤ ਕਰਨਾ ਦਾ ਭਾਰ ਇੰਤਕਾਲਕਾਰ ਤੇ ਹੋਵੇਗਾ।

(6) ਭੋਂ ਦੇ ਮੁਲਅੰਕਣ ਦੇ ਪ੍ਰਯੋਜਨ ਲਈ ਬੰਜਰ ਭੋਂ ਦੇ ਸਵਾ ਹੈਕਟਰ ਦਾ ਮੁੱਲ ਬਰਾਨੀ ਭੋਂ ਦੇ ਇੱਕ ਹੈਕਟਰ ਦੇ ਤੁੱਲ ਸਮਝਿਆ ਜਾਵੇਗਾ।

(7) ਇਸ ਐਕਟ ਅਧੀਨ ਕਿਸੇ ਵੀ ਸਮੇਂ ਕਿਸੇ ਵਿਅਕਤੀ ਦੀ ਭੋਂ ਦੇ ਮੁੱਲ-ਅੰਕਣ ਲਈ ਉਸ ਦਾ ਜੋ ਇਸ ਐਕਟ ਦੇ ਅਰੰਭ ਤੋਂ ਤੁਰਤ ਪਹਿਲਾਂ ਉਸ ਦੀ ਮਲਕੀਅਤ ਸੀ ਅਤੇ ਨਾਲੇ ਉਸ ਭੋਂ ਦਾ ਜੋ ਉਸ ਨੇ ਅਜਿਹੇ ਅਰੰਭ ਤੋਂ ਪਿੱਛੋਂ ਵਰਾਸਤ, ਵਸੀਅਤ ਜਾਂ ਹਿਬੇ ਦੁਆਰਾ ਉਸ ਵਿਅਕਤੀ ਤੋਂ ਅਰਜਤ ਕੀਤੀ ਜਿਸ ਦਾ ਉਹ ਵਾਰਿਸ ਹੈ, ਮੁੱਲਅੰਕਣ ਇਸ ਤਰ੍ਹਾਂ ਕੀਤਾ ਜਾਵੇਗਾ ਮਾਨੋ ਉਹ ਮੁੱਲ-ਅੰਕਣ ਨਿਯਤ ਦਿਨ ਨੂੰ ਕੀਤਾ ਜਾ ਰਿਹਾ ਸੀ ਅਤੇ ਉਸ ਦੁਆਰਾ ਅਜਿਹੇ ਅਰੰਭ ਤੋਂ ਪਿੱਛੋਂ ਕਿਸੇ ਹੋਰ ਤਰੀਕੇ ਨਾਲ ਅਰਜਤ ਦਾ ਮੁੱਲ-ਅੰਕਣ ਇਸ ਤਰ੍ਹਾਂ ਕੀਤਾ ਜਾਵੇਗਾ ਮਾਨੋ ਉਹ ਮੁੱਲ-ਅੰਕਣ ਅਜਿਹੇ ਅਰਜਨ ਦੀ ਤਰੀਕ ਨੂੰ ਕੀਤਾ ਜਾ ਰਿਹਾ ਸੀ।

ਇਜਾਜ਼ਤੀ ਰਕਬੇ ਦੀ ਚੋਣ ਅਤੇ ਕੁਝ ਕੁ ਵਿਅਕਤੀਆਂ ਦੁਆਰਾ ਐਲਾਨ ਨਾਮਾ ਦੇਣਾ।

5. (1) ਹਰਿਕ ਵਿਅਕਤੀ ਜੋ ਨਿਯਤ ਦਿਨ ਨੂੰ ਜਾਂ ਉਸ ਤੋਂ ਪਿੱਛੋਂ ਕਿਸੇ ਵੀ ਸਮੇਂ, ਮਾਲਕ ਜਾਂ ਬਾਕਬਜ਼ਾ ਰਹਿਨਦਾਰ ਜਾਂ ਮੁਜ਼ਾਰੇ ਵਜੋਂ ਜਾਂ ਅੰਸ਼ਕ ਤੌਰ ਤੇ ਇੱਕ ਹੈਸੀਅਤ ਵਿੱਚ ਅਤੇ ਅੰਸ਼ਕ ਤੌਰ ਤੇ ਦੂਜੀ ਵਿੱਚ, ਇਜਾਜ਼ਤੀ ਰਕਬੇ ਤੋਂ ਵੱਧ ਭੋਂ ਦਾ ਮਾਲਕ ਜਾਂ ਧਾਰਕ ਹੈ, ਆਪਣੇ ਇਜਾਜ਼ਤੀ ਰਕਬੇ ਦੀ ਚੋਣ ਕਰੇਗਾ ਅਤੇ ਆਪਣੀ ਚੋਣ ਦੀ ਇਤਲਾਹ ,ਅਜਿਹੇ ਫਾਰਮ ਵਿੱਚ ਅਤੇ ਅਜਿਹੇ ਤਰੀਕੇ ਨਾਲ ਅਤੇ ਅਜਿਹੀ ਮੁਦੱਤ ਦੇ ਅੰਦਰ, ਜੋ ਮੁਕੱਰਰ ਕੀਤੀ ਜਾਵੇ, ਦਿੱਤੇ ਜਾਣ ਵਾਲੇ ਇਕ ਐਲਾਨ ਨਾਮੇ ਰਾਹੀਂ ਕਲੈਟਰ ਨੂੰ, ਅਤੇ ਜਿੱਥੇ ਭੋਂ ਇੱਕ ਤੋਂ ਵੱਧ ਜ਼ਿਲਿਆਂ ਵਿੱਚ ਸਥਿਤ ਹੈ ਉਥੇ ਸੰਬੰਧਤ ਕਲੈਕਟਰਾਂ ਨੂੰ ਦੇਵੇਗਾ ਅਤੇ ਜੇ ਅਜਿਹੇ ਵਿਅਕਤੀ ਦਾ ਬਾਲਗ਼ ਪੁੱਤਰ ਹੈ ਤਾਂ ਉਹ ਆਪਣੀ ਮਲਕੀਅਤੀ ਜਾਂ ਧਾਰਨ ਕੀਤੀ ਹੋਈ ਭੋਂ ਵਿਚੋਂ ਹਰੇਕ ਅਜਿਹੇ ਪੁੱਤਰ ਦੇ ਬਾਰੇ ਵੱਖਰਾ ਇਜਾਜ਼ਤੀ ਰਕਬਾ ਚੁਣਨ ਦਾ ਹੱਕਦਾਰ ਹੋਵੇਗਾ, ਪਰ ਇਸ ਸ਼ਰਤ ਦੇ ਤਾਬੇ ਕਿ ਇਸ ਤਰ੍ਹਾਂ ਚੁਣੀ ਭੋਂ ਸਮੇਤ ਉਸ ਭੋਂ ਦੇ, ਜੋ ਪਹਿਲਾਂ ਹੀ ਅਜਿਹੇ ਪੁਤਰ ਦੀ ਮਲਕੀਅਤ ਹੋਵੇ ਜਾਂ ਉਸ ਨੇ ਧਾਰਨ ਕੀਤੀ ਹੋਈ ਹੋਵੇ, ਅਜਿਹੇ ਹਰਿਕ ਪੁੱਤਰ ਦੇ ਇਜਾਜ਼ਤੀ ਰਕਬੇ ਤੋਂ ਵੱਧ ਨਹੀਂ ਹੋਵੇਗੀ:

Scanned with OKEN Scanner

ਪਰੰਤੂ ਜਿੱਥੇ ਭੋਂ ਇੱਕ ਤੋਂ ਵੱਧ ਪਟਵਾਰ ਹਲਕਿਆਂ ਵਿੱਚ ਸਥਿੱਤ ਹੈ, ਉਥੇ ਐਲਾਨਨਾਮਾ ਮੁਕੱਰਰ ਫ਼ਾਰਮ ਵਿੱਚ ਹਲਫ਼ੀਆ ਬਿਆਨ ਦੁਆਰਾ ਸਮਰੱਥਤ ਹੋਵੇਗਾ।

(2) ਚੋਣ ਕਰਨ ਵਿੱਚ ਅਜਿਹਾ ਵਿਅਕਤੀ, ਪ੍ਰਥਮੇ, ਬਿਨਾਂ ਕਬਜ਼ਾ ਰਹਿਨ ਕੀਤੀ ਭੋਂ, ਅਤੇ, ਦੂਜੇ ਉਪ-ਧਾਰਾ (1) ਅਧੀਨ ਐਲਾਨਨਾਮਾ ਦੇਣ ਲਈ ਮੁਕੱਰਰ ਮੁੱਦਤ ਦੇ ਅਰੰਭ ਦੀ ਤਰੀਕ ਨੂੰ ਖੁਦ-ਕਾਸ਼ਤ ਅਧੀਨ ਭੋਂ ਸ਼ਾਮਲ ਕਰੇਗਾ, ਪਰ ਪੰਜਾਬ ਕਾਨੂੰਨ, ਪੈਪਸੂ ਕਾਨੂੰਨ ਜਾਂ ਇਸ ਐਕਟ ਅਧੀਨ ਵਾਫ਼ਰ ਐਲਾਨ ਕੀਤਾ ਰਕਬਾ, ਰਾਜ ਸਰਕਾਰ ਦੁਆਰਾ ਅਜਿਹੇ ਅਰੰਭ ਤੋਂ ਤੁਰਤ ਪਹਿਲਾਂ ਵਰਤੋਂ ਕਰਨ ਤੋਂ ਛੋਟ-ਪ੍ਰਾਪਤ ਰਕਬੇ ਤੋਂ ਬਿਨਾਂ ਹੋਰ, ਸ਼ਾਮਲ ਨਹੀਂ ਕਰੇਗਾ।

ਉਸ ਸੂਰਤ ਵਿੱਚ ਜਾਣਕਾਰੀ ਇਕੱਤਰ ਕਰਨਾ ਜਿੱਥੇ ਐਲਾਨ-ਨਾਮਾ ਨਹੀਂ ਦਿੱਤਾ ਜਾਂਦਾ।

6. ਜੇ ਕੋਈ ਵਿਅਕਤੀ ਧਾਰਾ 5 ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਐਲਾਨਨਾਮਾ ਦੇਣ ਵਿੱਚ ਅਸਫਲ ਰਹਿੰਦਾ ਹੈ, ਤਾਂ ਕਲੈਕਟਰ ਲੋੜੀਂਦੀ ਜਾਣਕਾਰੀ ਮੁਕੱਰਰ ਤਰੀਕੇ ਨਾਲ ਹਾਸਲ ਕਰੇਗਾ।

ਇਜਾਜ਼ਤੀ ਅਤੇ ਵਾਫ਼ਰ ਰਕਬੇ ਤੈਅ ਕਰਨਾ।

7. (1) ਧਾਰਾ 5 ਅਧੀਨ ਦਿੱਤੇ ਐਲਾਨਨਾਮੇ ਵਿੱਚ ਦਿੱਤੀ ਜਾਣਕਾਰੀ ਜਾਂ, ਜਿਹੀ ਕਿ ਸੂਰਤ ਹੋਵੇ, ਧਾਰਾ 6 ਅਧੀਨ ਹਾਸਲ ਕੀਤੀ ਜਾਣਕਾਰੀ ਦੇ ਆਧਾਰ ਤੇ ਅਤੇ ਅਜਿਹੀ ਜਾਂਚ ਕਰਨ ਪਿੱਛੋਂ, ਜੋ ਕਲੈਕਟਰ ਠੀਕ ਸਮਝੇ, ਉਹ ਭੋਂ-ਮਾਲਕ ਜਾਂ, ਜਿਹੀ ਕਿ ਸੂਰਤ ਹੋਵੇ, ਮੁਜ਼ਾਰੇ ਦਾ ਇਜਾਜ਼ਤੀ ਰਕਬਾ ਅਤੇ ਵਾਫ਼ਰ ਰਕਬਾ ਹੁਕਮ ਦੁਆਰਾ ਤੈਅ ਕਰੇਗਾ।

(2) ਜੇ ਕੋਈ ਵਿਅਕਤੀ ਜਿਸ ਦਾ ਹਵਾਲਾ ਧਾਰਾ 5 ਦੀ ਉਪ-ਧਾਰਾ (1) ਵਿੱਚ ਦਿੱਤਾ ਗਿਆ ਹੈ ਐਲਾਨਨਾਮਾ ਦੇਣ ਵਿੱਚ ਅਸਫਲ ਰਹੇਗਾ, ਜਾਂ ਅਜਿਹਾ ਐਲਾਨਨਾਮਾ ਦਾਖ਼ਲ ਕਰੇਗਾ ਜਿਸ ਵਿੱਚ ਝੂਠੀ ਜਾਣਕਾਰੀ ਦਰਜ ਹੋਵੇ ਜਾਂ ਜਿਸ ਦਾ ਝੂਠਾ ਹੋਣਾ ਉਹ ਜਾਣਦਾ ਹੋਵੇ ਜਾਂ ਝੂਠ ਹੋਣ ਦੇ ਵਿਸ਼ਵਾਸ ਦਾ ਕਾਰਨ ਰੱਖਦਾ ਹੋਵੇ ਜਾਂ ਜਿਸ ਦੇ ਸੱਚੇ ਹੋਣ ਦਾ ਉਸ ਨੂੰ ਵਿਸ਼ਵਾਸ ਨ ਹੋਵੇ, ਉਹ ਕੈਦ ਨਾਲ, ਜੋ ਦੋ ਸਾਲ ਤੱਕ ਦੀ ਹੋ ਸਕੇਗੀ, ਜਾਂ ਜੁਰਮਾਨੇ ਨਾਲ ਜੋ ਦੋ ਹਜ਼ਾਰ ਰੁਪਏ ਤੱਕ ਹੋ ਸਕੇਗਾ, ਜਾਂ ਦੋਹਾਂ ਨਾਲ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

(3) × × × ×

(4) ਕਿਸੇ ਵਿਅਕਤੀ ਦਾ ਵਾਫ਼ਰ ਰਕਬਾ ਤੈਅ ਕਰਨ ਦੇ ਪ੍ਰਯੋਜਨ ਲਈ,—

(i) ਕਿਸੇ ਅਦਾਲਤ ਜਾਂ ਹੋਰ ਅਥਾਰਿਟੀ ਦਾ ਕੋਈ ਨਿਰਣਾ, ਡਿਗਰੀ ਜਾਂ ਹੁਕਮ ਜੋ ਨਿਯਤ ਦਿਨ ਨੂੰ ਜਾਂ ਤੋਂ ਪਿੱਛੋਂ ਹਾਸਲ ਕੀਤਾ ਗਿਆ ਹੈ ਅਤੇ ਜਿਸ ਦਾ ਪ੍ਰਭਾਵ ਅਜਿਹੇ ਵਿਅਕਤੀ ਦੇ ਵਾਫ਼ਰ ਰਕਬੇ ਨੂੰ ਘੱਟ ਕਰਨ ਦਾ ਹੈ;

(ii) ਕੋਈ ਮੁਜ਼ਾਰਗੀ ਭੋਂ ਜੋ ਨਿਯਤ ਦਿਨ ਨੂੰ ਜਾਂ ਤੋਂ ਪਿਛੋਂ ਕਿਸੇ ਅਜਿਹੀ ਭੋਂ ਵਿੱਚ ਸਿਰਜਤ ਕੀਤੀ ਗਈ ਹੈ, ਜਿਸ ਨੂੰ ਪੰਜਾਬ ਕਾਨੂੰਨ, ਪੈਪਸੂ ਕਾਨੂੰਨ ਜਾਂ ਇਸ ਐਕਟ ਅਧੀਨ ਅਜਿਹੇ ਵਿਅਕਤੀ ਦਾ ਵਾਫ਼ਰ ਰਕਬਾ ਐਲਾਨ ਕੀਤਾ ਜਾ ਚੁੱਕਾ ਹੈ ਜਾਂ ਕੀਤਾ ਜਾ ਸਕਦਾ ਸੀ;

ਅੱਖੋਂ ਉਹਲੇ ਕਰ ਦਿੱਤੀ ਜਾਵੇਗੀ।

Scanned with OKEN Scanner

8. ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ, ਰਿਵਾਜ ਜਾਂ ਪ੍ਰਥਾ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪਰ ਧਾਰਾ 15 ਦੇ ਉਪਬੰਧਾਂ ਦੇ ਤਾਬੇ, ਉਹ ਵਾਫ਼ਰ ਰਕਬਾ ਜੋ ਪੰਜਾਬ ਕਾਨੂੰਨ ਜਾਂ ਪੈਪਸੂ ਕਾਨੂੰਨ ਅਧੀਨ ਅਜਿਹੇ ਰਕਬੇ ਵਜੋਂ ਐਲਾਨਿਆਂ ਗਿਆ ਹੈ ਜੋ ਇਸ ਐਕਟ ਦੇ ਅਰੰਭ ਤਕ ਵਰਤੋਂ ਵਿੱਚ ਨਹੀਂ ਲਿਆਂਦਾ ਗਿਆ ਅਤੇ ਉਹ ਵਾਫ਼ਰ ਕਰਬਾ ਜੋ ਇਸ ਐਕਟ ਅਧੀਨ ਅਜਿਹੇ ਰਕਬੇ ਵਜੋਂ ਐਲਾਨਿਆਂ ਗਿਆ ਹੈ, ਉਸ ਤਰੀਕ ਨੂੰ ਜਿਸ ਨੂੰ ਰਾਜ ਸਰਕਾਰ ਦੁਆਰਾ ਜਾਂ ਦੇ ਨਮਿੱਤ ਉਸ ਦਾ ਕਬਜ਼ਾ ਲਿਆ ਜਾਂਦਾ ਹੈ, ਸਭ ਪ੍ਰਭਾਰਾਂ ਤੋਂ ਮੁਕਤ ਰਾਜ ਸਰਕਾਰ ਵਿੱਚ ਨਿਹਿਤ ਹੋ ਜਾਵੇਗਾ ਅਤੇ ਕਿਸੇ ਮੁਜ਼ਾਰੇ ਦੇ ਅਜਿਹੇ ਵਾਫ਼ਰ ਰਕਬੇ ਦੀ ਸੂਰਤ ਵਿੱਚ ਜੋ ਭੋਂ ਮਾਲਕ ਦੇ ਇਜਾਜ਼ਤੀ ਰਕਬੇ ਵਿੱਚ ਸ਼ਾਮਲ ਕੀਤਾ ਗਿਆ ਹੈ, ਅਜਿਹੇ ਰਕਬੇ ਵਿੱਚ ਮੁਜ਼ਾਰੇ ਦਾ ਅਧਿਕਾਰ ਅਤੇ ਹਿੱਤ ਉਪਰੋਕਤ ਤਰੀਕ ਨੂੰ ਸਮਾਪਤ ਹੋ ਜਾਵੇਗਾ : ਅਣਵਰਤੇ ਵਾਫ਼ਰ ਰਕਬੇ ਦਾ ਰਾਜ ਸਰਕਾਰ ਵਿੱਚ ਨਿਹਿਤ ਹੋਣਾ।

ਪਰੰਤੂ ਜਿੱਥੇ ਵਾਫ਼ਰ ਰਕਬੇ ਅਧੀਨ ਆਉਂਦੀ ਕੋਈ ਭੋਂ ਬਾਕਬਜ਼ਾ ਰਹਿਨ ਹੈ, ਉਥੇ ਕੇਵਲ ਰਹਿਨਦਾਰ ਦੇ ਅਧਿਕਾਰ ਰਾਜ ਸਰਕਾਰ ਵਿੱਚ ਨਿਹਿਤ ਹੋਣਗੇ।

9. (1) ਜਦ ਕੋਈ ਰਕਬਾ, ਪੰਜਾਬ ਕਾਨੂੰਨ ਜਾਂ ਪੈਪਸੂ ਕਾਨੂੰਨ ਅਧੀਨ ਵਾਫ਼ਰ ਹੋ ਗਿਆ ਹੈ ਜਾਂ ਇਸ ਐਕਟ ਅਧੀਨ ਵਾਫ਼ਰ ਹੋ ਜਾਂਦਾ ਹੈ, ਤਦ ਉਸ ਪਿਛੋਂ ਕਲੈਕਟਰ, ਭੋਂ ਮਾਲਕ ਜਾਂ ਮੁਜ਼ਾਰੇ ਜਾਂ ਕਿਸੇ ਹੋਰ ਅਜਿਹੇ ਵਿਅਕਤੀ ਨੂੰ ਜਿਸ ਦਾ ਅਜ਼ਿਹੇ ਰਕਬੇ ਤੇ ਕਬਜ਼ਾ ਹੈ, ਲਿਖਤੀ ਹੁਕਮ ਦੁਆਰਾ ਨਿਦੇਸ਼ ਦੇ ਸਕੇਗਾ ਕਿ ਅਜਿਹੇ ਹੁਕਮ ਦੀ ਉਸ ਤੇ ਤਾਮੀਲ ਦੇ ਦਸ ਦਿਨਾਂ ਦੇ ਅੰਦਰ, ਉਸ ਦਾ ਕਬਜ਼ਾ ਅਜਿਹੇ ਵਿਅਕਤੀ ਦੇ ਹਵਾਲੇ ਕਰ ਦੇਵੇ ਜੋ ਹੁਕਮ ਵਿੱਚ ਉਲਿਖਤ ਕੀਤਾ ਜਾਵੇ। ਵਾਫ਼ਰ ਰਕਬੇ ਦਾ ਕਬਜ਼ਾ ਲੈਣ ਦੀ ਸ਼ਕਤੀ।

(2) ਜੇ ਭੋਂ ਮਾਲਕ ਜਾਂ ਮੁਜ਼ਾਰਾ ਜਾਂ ਕੋਈ ਹੋਰ ਵਿਅਕਤੀ ਜਿਸ ਦੇ ਕਬਜ਼ੇ ਵਿੱਚ ਅਜਿਹਾ ਰਕਬਾ ਹੈ, ਉਪ-ਧਾਰਾ (1) ਅਧੀਨ ਕੀਤੇ ਹੁਕਮ ਦੀ ਪਾਲਣਾ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਯੋਗ ਕਾਰਨ ਤੋਂ ਬਿਨਾਂ ਅਸਫ਼ਲ ਰਹਿੰਦਾ ਹੈ, ਤਾਂ ਕਲੈਕਟਰ ਉਸ ਰਕਬੇ ਦਾ ਕਬਜ਼ਾ ਲੈ ਸਕੇਗਾ ਅਤੇ ਉਸ ਪ੍ਰਯੋਜਨ ਲਈ ਅਜਿਹਾ ਬਲ ਵਰਤ ਸਕੇਗਾ ਜੋ ਜ਼ਰੂਰੀ ਹੋਵੇ।

10. (1) ਕਲੈਕਟਰ ਜਾਂ ਰਾਜ ਸਰਕਾਰ ਦੁਆਰਾ ਇਸ ਨਮਿੱਤ ਅਖ਼ਤਿਆਰਤ ਅਫ਼ਸਰ ਉਸ ਭੋਂ ਲਈ ਜੋ ਧਾਰਾ 8 ਅਧੀਨ ਰਾਜ ਸਰਕਾਰ ਵਿੱਚ ਨਹਿਤ ਹੋ ਗਈ ਹੈ, ਅਦਾ ਕੀਤੀ ਜਾਣ ਵਾਲੀ ਰਕਮ, ਇਸ ਤੋਂ ਪਿਛੋਂ ਦਿੱਤੇ ਸਿਧਾਂਤਾਂ ਦੀ ਅਨੁਸਾਰਤਾ ਵਿੱਚ ਤੈਅ ਕਰੇਗਾ, ਅਰਥਾਤ :— ਵਾਫ਼ਰ ਰਕਬੇ ਲਈ ਅਦਾਇਗੀਯੋਗ ਰਕਮ।

(i) ਭੋਂ ਦੇ ਪਹਿਲੇ ਤਿੰਨ ਹੈਕਟਰਾਂ ਲਈ, ਵੱਧ ਤੋਂ ਵੱਧ ਪੰਜ ਹਜ਼ਾਰ ਰੁਪਏ ਪ੍ਰਤੀ ਹੈਕਟਰ ਦੇ ਤਾਬੇ, ਉਚਿਤ ਲਗਾਨ ਦਾ ਬਾਰਾਂ ਗੁਣਾਂ ;

(ii) ਭੋਂ ਦੇ ਅਗਲੇ ਤਿੰਨ ਹੈਕਟਰਾਂ ਲਈ, ਵੱਧ ਤੋਂ ਵੱਧ ਤਿੰਨ ਹਜ਼ਾਰ ਸਤ ਸੌ ਅਤੇ ਪੰਜਾਹ ਰੁਪਏ ਪ੍ਰਤੀ ਹੈਕਟਰ ਦੇ ਤਾਬੇ, ਉਚਿਤ ਲਗਾਨ ਦਾ ਨੌਂ ਗੁਣਾਂ; ਅਤੇ

(iii) ਬਾਕੀ ਦੀ ਭੋਂ ਲਈ, ਵੱਧ ਤੋਂ ਵੱਧ ਦੋ ਹਜ਼ਾਰ ਅਤੇ ਪੰਜ ਸੌ ਰੁਪਏ ਪ੍ਰਤੀ ਹੈਕਟਰ ਦੇ ਤਾਬੇ, ਉਚਿਤ ਲਗਾਨ ਦਾ ਛੇ ਗੁਣਾ।

Scanned with OKEN Scanner

ਵਿਆਖਿਆ :-ਇਸ ਉਪ ਧਾਰਾ ਦੇ ਪ੍ਰਯੋਜਨ ਲਈ 'ਉਚਿਤ ਲਗਾਨ' ਦਾ ਮਤਲਬ ਹੋਵੇਗਾ, ਕਲੈਕਟਰ ਜਾਂ ਅਜਿਹੇ ਅਫ਼ਸਰ ਦੁਆਰਾ ਜੋ ਰਾਜ ਸਰਕਾਰ ਦੁਆਰਾ ਇਸ ਨਮਿੱਤ ਅਖ਼ਤਿਆਰਤ ਕੀਤਾ ਜਾਵੇ, ਭੋਂ ਦੀ ਮੁਕੱਰਰ ਤਰੀਕੇ ਨਾਲ ਤੈਅ ਕੀਤੀ ਕੁੱਲ ਉਪਜ ਦੇ ਇੱਕ ਬਟਾ ਪੰਜ ਦਾ ਮੁੱਲ।

(2) ਉਪ-ਧਾਰਾ (1) ਦੇ ਪ੍ਰਯੋਜਨਾਂ ਲਈ, ਕਲੈਕਟਰ ਜਾਂ ਅਜਿਹਾ ਅਫ਼ਸਰ ਜੋ ਰਾਜ ਸਰਕਾਰ ਦੁਆਰਾ ਅਖ਼ਤਿਆਰਤ ਕੀਤਾ ਜਾਵੇ, ਅਜਿਹੇ ਫ਼ਾਰਮ ਵਿਚ ਅਤੇ ਅਜਿਹੇ ਤ੍ਰੀਕੇ ਨਾਲ ਜੋ ਮੁਕੱਰਰ ਕੀਤਾ ਜਾਵੇ ਇਕ ਵਿਵਰਣ ਤਿਆਰ ਕਰੇਗਾ ਅਤੇ ਮੁਕੱਰਰ ਜਾਬਤੇ ਦੀ ਪੈਰਵੀ ਕਰਨ ਪਿਛੋਂ, ਭੋਂ ਵਿਚ ਹਿੱਤ ਰੱਖਣ ਵਾਲੇ ਵਿਅਕਤੀਆਂ ਵਿਚਕਾਰ, ਮੁਜ਼ਾਰਿਆਂ ਨੂੰ ਸ਼ਾਮਲ ਕਰਕੇ, ਰਕਮ ਦੀ ਹਿੱਸੇ-ਵੰਡ ਕਰੇਗਾ।

(3) ਜਿੱਥੇ ਕਿਸੇ ਵਿਅਕਤੀ ਦੇ ਵਾਫ਼ਰ ਰਕਬੇ ਵਿੱਚ ਰਹਿੰਦਾਰ ਦੇ ਅਧਿਕਾਰ ਰਾਜ ਸਰਕਾਰ ਵਿੱਚ ਨਿਹਿਤ ਹੋ ਗਏ ਹਨ, ਉਥੇ ਰਹਿਨਦਾਰ ਨੂੰ ਅਦਾਇਗੀਯੋਗ ਰਕਮ, ਜਾਂ ਤਾਂ ਰਹਿਨਦਾਰ ਨੂੰ ਦੇਣਯੋਗ ਰਹਿਨਧਨ ਜਾਂ ਇਸ ਧਾਰਾ ਅਧੀਨ ਅਦਾਇਗੀਯੋਗ ਰਕਮ, ਇਨ੍ਹਾਂ ਵਿਚੋਂ ਜੋ ਵੀ ਘਟ ਹੋਵੇ, ਹੋਵੇਗੀ।

(4) ਰਕਮ ਜਾਂ ਤਾਂ ਇਕ ਮੁਸ਼ਤ ਜਾਂ ਵੱਧ ਤੋਂ ਵੱਧ ਪੰਦਰਾਂ ਛਿਮਾਹੀ ਕਿਸ਼ਤਾਂ ਵਿੱਚ ਮੁਕੱਰਰ ਤਰੀਕੇ ਨਾਲ ਅਦਾਇਗੀਯੋਗ ਹੋਵੇਗੀ :

ਪਰੰਤੂ ਰਕਮ, ਪ੍ਰਥਮੇ ਸਰਕਾਰ ਨੂੰ ਦੇਣਯੋਗ ਰਕਮਾਂ ਦਾ ਭੁਗਤਾਨ ਕਰਨ ਲਈ, ਦੂਜੇ ਸੁਰੱਖਿਅਤ ਲੈਣਦਾਰਾਂ ਦੇ ਕਲੇਮਾਂ ਦੀ ਪੂਰਤੀ ਅਤੇ ਤਦ ਹੋਰ ਕਲੇਮਦਾਰਾਂ ਨੂੰ ਦੇਣਯੋਗ ਰਕਮਾਂ ਅਦਾ ਕਰਨ ਲਈ ਵਰਤੀ ਜਾਵੇਗੀ।

ਵਾਫ਼ਰ ਰਕਬੇ ਦਾ ਨਿਬੇੜਾ।

11. (1) ਵਾਫ਼ਰ ਰਕਬਾ ਜੋ ਧਾਰਾ 8 ਅਧੀਨ ਰਾਜ ਸਰਕਾਰ ਵਿੱਚ ਨਿਹਿਤ ਹੋ ਗਿਆ ਹੈ ਰਾਜ ਸਰਕਾਰ ਦੇ ਅਖ਼ਤਿਆਰ ਵਿੱਚ ਹੋਵੇਗਾ।

(2) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾਂ ਦੁਆਰਾ ਪੰਜਾਬ ਕਾਨੂੰਨ, ਪੈਪਸੂ ਕਾਨੂੰਨ ਜਾਂ ਇਸ ਐਕਟ ਅਧੀਨ ਵਾਫ਼ਰ ਰਕਬੇ ਦੀ ਵਰਤੋਂ ਲਈ:—

(ੳ) ਅਜਿਹੀ ਭੋਂ ਦੇ ਬਾਰੇ ਮੁਜ਼ਾਰਿਆਂ ਨੂੰ ਮਾਲਕੀ ਦੇ ਅਧਿਕਾਰ ਪ੍ਰਦਾਨ ਕਰਨ ਦੁਆਰਾ, ਜੋ ਅਜਿਹੇ ਮੁਜ਼ਾਰੇ ਦੇ ਭੋਂ ਮਾਲਕ ਦੇ ਵਾਫ਼ਰ ਰਕਬੇ ਵਿੱਚ ਸਮਾਵਿਸ਼ਟ ਹੈ ; ਅਤੇ

(ਅ) ਮੁਜ਼ਾਰਿਆਂ, ਅਨੁਸੂਚਿਤ ਜਾਤਾਂ ਅਤੇ ਪੱਛੜੀਆਂ ਸ੍ਰੇਣੀਆਂ ਦੇ ਮੈਂਬਰਾਂ ਅਤੇ ਭੋਂਹੀਨ ਖੇਤੀ ਕਾਮਿਆਂ ਨੂੰ ਪਹਿਲੇ ਦਰਜੇ ਦੀ ਭੋਂ ਦਾ ਵੱਧ ਤੋਂ ਵੱਧ ਦੋ ਹੈਕਟਰ ਰਕਬਾ ਜਾਂ ਉਸ ਦੇ ਤੁੱਲ ਰਕਬਾ ਅਲਾਟ ਕਰਨ ਦੁਆਰਾ, ਪਰੰਤੂ ਕਿਸੇ ਅਜਿਹੇ ਅਲਾਟੀ ਦੁਆਰਾ ਅਲਾਟਮੈਂਟ ਤੋਂ ਪਿਛੋਂ ਧਾਰਨ ਕੀਤਾ ਜਾ ਮਲਕੀਅਤੀ ਕੁੱਲ ਰਕਬਾ ਪਹਿਲੇ ਦਰਜੇ ਦੀ ਭੋਂ ਦੇ ਦੋ ਹੈਕਟਰ ਜਾਂ ਉਸ ਦੇ ਤੁੱਲ ਰਕਬੇ ਤੋਂ ਵੱਧ ਨਹੀਂ ਹੋਵੇਗਾ,

ਸਕੀਮ ਬਣਾ ਸਕੇਗੀ।

Scanned with OKEN Scanner

(3) ਉਪ-ਧਾਰਾ (2) ਅਧੀਨ ਰਾਜ ਸਰਕਾਰ ਦੁਆਰਾ ਬਣਾਈ ਗਈ ਕੋਈ ਸਕੀਮ ਉਨ੍ਹਾਂ ਨਿਬੰਧਨਾਂ ਅਤੇ ਸ਼ਰਤਾਂ ਦਾ, ਜਿਨ੍ਹਾਂ ਤੇ ਮੁਜ਼ਾਰਿਆਂ ਨੂੰ ਮਾਲਕੀ ਦੇ ਅਧਿਕਾਰ ਪ੍ਰਦਾਨ ਕੀਤੇ ਜਾਣੇ ਹਨ ਅਤੇ ਉਨ੍ਹਾਂ ਨਿਬੰਧਨਾਂ ਅਤੇ ਸ਼ਰਤਾਂ ਦਾ ਵੀ ਉਪਬੰਧ ਕਰ ਸਕੇਗੀ ਜਿਨ੍ਹਾਂ ਤੇ ਵਾਫ਼ਰ ਰਕਬੇ ਵਿੱਚ ਸਮਾਵਿਸ਼ਟ ਭੋਂ ਅਲਾਟ ਕੀਤੀ ਜਾਣੀ ਹੈ ।

(4) ਇਸ ਧਾਰਾ ਅਧੀਨ ਬਣਾਈ ਕਿਸੇ ਸਕੀਮ ਵਿੱਚ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਵਾਧਾ, ਸੋਧ, ਅਦਲ-ਬਦਲ ਕਰ ਸਕੇਗੀ ਜਾਂ ਉਸ ਨੂੰ ਪਰਤਾ ਲੈ ਸਕੇਗੀ।

(5) ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਅਤੇ ਰਾਜ ਸਰਕਾਰ ਦੁਆਰਾ ਤਤਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਜਾਂ ਕਿਸੇ ਵਾਰਸ ਦੁਆਰਾ ਵਰਾਸਤ ਦੁਆਰਾ ਅਰਜਤ ਭੋਂ ਦੀ ਸੂਰਤ ਨੂੰ ਛੱਡ ਕੇ ਪੰਜਾਬ ਕਾਨੂੰਨ, ਪੈਪਸੂ ਕਾਨੂੰਨ ਜਾਂ ਇਸ ਐਕਟ ਅਧੀਨ ਵਾਫ਼ਰ ਰਕਬੇ ਵਿੱਚ ਸਮਾਵਿਸ਼ਟ ਭੋਂ ਦਾ ਇੰਤਕਾਲ ਜਾਂ ਹੋਰ ਨਿਬੇੜਾ ਇਸ ਐਕਟ ਅਧੀਨ ਉਸ ਦੇ ਰਾਜ ਸਰਕਾਰ ਵਿੱਚ ਨਿਹਿਤ ਹੋਣ ਤੇ ਜਾਂ ਉਸ ਦੀ ਵਰਤੋਂ ਕਰਨ ਤੇ ਪ੍ਰਭਾਵ ਨਹੀਂ ਪਾਵੇਗਾ।

(6) ਇਸ ਐਕਟ ਦੇ ਅਰੰਭ ਤੋਂ ਪਹਿਲਾਂ ਕਿਸੇ ਵਾਫ਼ਰ ਰਕਬੇ ਦੀ ਵਰਤੋਂ, ਧਾਰਾ 15 ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਮੁਜ਼ਾਰੇ ਦੇ ਭੋਂ ਖਰੀਦਣ ਦੇ ਅਧਿਕਾਰ ਤੇ ਜਾਂ ਵਾਫ਼ਰ ਰਕਬੇ ਤੇ ਆਬਾਦ ਮੁਜ਼ਾਰੇ ਤੋਂ ਲਗਾਨ ਪ੍ਰਾਪਤ ਕਰਨ ਦੇ ਭੋਂ ਮਾਲਕ ਦੇ ਅਧਿਕਾਰ ਤੇ, ਜਦ ਤਕ ਮੁਜ਼ਾਰਾ ਉਸ ਦਾ ਮਾਲਕ ਨਹੀਂ ਬਣ ਜਾਂਦਾ, ਕੋਈ ਪ੍ਰਭਾਵ ਨਹੀਂ ਪਾਵੇਗੀ।

(7) ਜਿੱਥੇ ਉਤਰ-ਅਧਿਕਾਰ ਵਾਫ਼ਰ ਰਕਬੇ ਜਾਂ ਉਸ ਦੇ ਕਿਸੇ ਭਾਗ ਦੇ ਕਲੈਕਟਰ ਦੁਆਰਾ ਤੈਅ ਕੀਤੇ ਜਾ ਚੁਕਣ ਪਿਛੋਂ ਖੁਲ੍ਹਿਆ ਹੈ ਉਥੇ ਉਪ-ਧਾਰਾ (5) ਅਧੀਨ ਵਰਾਸਤ ਦੁਆਰਾ ਵਾਰਸ ਦੇ ਪੱਖ ਵਿੱਚ ਉਲਿਖਤ ਬਚਾਉ ਇਸ ਤਰ੍ਹਾਂ ਤੈਅ ਕੀਤੇ ਰਕਬੇ ਦੇ ਬਾਰੇ ਲਾਗੂ ਨਹੀਂ ਹੋਵੇਗਾ।

ਇਜਾਜ਼ਤੀ ਰਕਬੇ ਤੋਂ ਵੱਧ ਭੋਂ ਦੇ ਭਵਿੱਖਤ ਅਰਜਨ ਤੇ ਰੋਕ।

12. (1) ਕਿਸੇ ਕਾਨੂੰਨ, ਰਿਵਾਜ, ਪ੍ਰਥਾ, ਮੁਆਇਦੇ ਜਾਂ ਕਰਾਰ ਵਿੱਚ ਇਸ ਦੇ ਉਲਟ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਅਰੰਭ ਤੋਂ ਅਤੇ ਪਿਛੋਂ ਕੋਈ ਵਿਅਕਤੀ, ਚਾਹੇ ਭੋਂ ਮਾਲਕ ਵਜੋਂ ਜਾਂ ਮੁਜ਼ਾਰੇ ਵਜੋਂ, ਇੰਤਕਾਲ, ਵਟਾਂਦਰੇ, ਪੱਟੇ, ਕਰਾਰ ਜਾਂ ਤਮਲੀਕ-ਨਾਮੇ ਦੁਆਰਾ ਕੋਈ ਭੋਂ ਅਰਜਤ ਨਹੀਂ ਕਰੇਗਾ ਨਾ ਰਖੇਗਾ, ਜੋ ਪਹਿਲਾਂ ਹੀ ਉਸ ਦੀ ਮਲਕੀਅਤ ਅਧੀਨ ਜਾਂ ਧਾਰਨ ਕੀਤੀ ਭੋਂ ਸਹਿਤ ਜਾਂ ਤੋਂ ਬਿਨਾਂ ਕੁੱਲ ਮਿਲਾਕੇ ਇਜਾਜ਼ਤੀ ਰਕਬੇ ਤੋਂ ਵੱਧ ਹੋਵੇ:

ਪਰੰਤੂ ਇਸ ਧਾਰਾ ਦੀ ਕੋਈ ਗੱਲ ਸਹਿਕਾਰੀ ਸਭਾ ਦੁਆਰਾ ਧਾਰਨ ਕੀਤੀ ਭੋਂ ਨੂੰ ਲਾਗੂ ਨਹੀਂ ਹੋਵੇਗੀ ਜੋ ਸਭਾ ਦੇ ਵਿਅਕਤੀਗਤ ਮੈਂਬਰ ਦੀ ਮਲਕੀਅਤ ਅਧੀਨ ਜਾਂ ਦੁਆਰਾ ਧਾਰਨ ਕੀਤੀ ਭੋਂ, ਅਜਿਹੀ ਸਭਾ ਦੁਆਰਾਂ ਧਾਰਨ ਕੀਤੀ ਭੋਂ ਵਿੱਚ ਉਸ ਦੇ ਹਿਸੇ ਸਮੇਤ ਇਜਾਜ਼ਤੀ ਰਕਬੇ ਤੋਂ ਨਹੀਂ ਵਧਦੀ।

(2) ਉਪ-ਧਾਰਾ (1) ਦੇ ਉਪਬੰਧਾਂ ਦੀ ਉਲੰਘਣਾਂ ਵਿਚ ਕੀਤਾ ਕੋਈ ਇੰਤਕਾਲ, ਵਟਾਂਦਰਾ, ਪੱਟਾ, ਕਰਾਰ ਜਾਂ ਤਮਲੀਕ-ਨਾਮਾ ਬਾਤਲ ਅਤੇ ਸੁੰਨ ਹੋਵੇਗਾ ।

Scanned with OKEN Scanner

ਸੰਯੁਕਤ ਭੋਂਆਂ ਵਿੱਚ ਭੋਂ ਮਾਲਕਾਂ ਦਾ ਹਿੱਸਾ ਵੱਖਰਾ ਕਰਨ ਦੀ ਸ਼ਕਤੀ।

13. (1) ਜਿੱਥੇ ਕੋਈ ਵਿਅਕਤੀ ਹੋਰ ਵਿਅਕਤੀਆਂ ਨਾਲ ਸੰਯੁਕਤ ਤੌਰ ਤੇ ਭੋਂ ਦਾ ਮਾਲਕ ਹੈ ਅਤੇ ਉਸ ਦਾ ਅਜਿਹੀ ਭੋਂ ਵਿੱਚ ਹਿੱਸਾ ਜਾਂ ਹਿੱਸੇ ਦਾ ਕੋਈ ਭਾਗ ਵਾਫ਼ਰ ਰਕਬੇ ਵਜੋਂ ਐਲਾਨਿਆਂ ਜਾ ਚੁੱਕਾ ਹੈ ਜਾਂ ਐਲਾਨਿਆਂ ਜਾਣਾ ਹੈ, ਉਥੇ ਕਲੈਕਟਰ ਆਪਣੇ ਪ੍ਰਸਤਾਵ ਤੇ, ਸਰਸਰੀ ਜਾਂਚ ਪਿਛੋਂ ਅਤੇ ਅਜਿਹੇ ਵਿਅਕਤੀ ਨੂੰ ਸੁਣਵਾਈ ਦਾ ਅਵਸਰ ਦੇਣ ਪਿੱਛੋਂ, ਅਜਿਹੀ ਭੋਂ ਵਿੱਚ ਉਸ ਦਾ ਹਿੱਸਾ ਜਾਂ ਹੋਰ ਵਿਅਕਤੀਆਂ ਨਾਲ ਸੰਯੁਕਤ ਤੌਰ ਤੇ ਮਲਕੀਅਤ ਵਿਚਲੇ ਉਸ ਹਿੱਸੇ ਦੇ ਭਾਗ ਨੂੰ ਵੱਖ ਕਰ ਸਕੇਗਾ।

(2) ਜਿੱਥੇ ਕਿਸੇ ਵਿਅਕਤੀ ਦਾ ਵਾਫ਼ਰ ਰਕਬਾ ਐਲਾਨੇ ਜਾਣ ਤੋਂ ਪਿਛੋਂ ਅਤੇ ਉਸ ਦੀ ਵਰਤੋਂ ਕਰਨ ਤੋਂ ਪਹਿਲਾਂ, ਉਸ ਦੀ ਭੋਂ ਚੱਕਬੰਦੀ ਦੇ ਅਮਲ ਦੇ ਤਾਬੇ ਆ ਗਈ ਹੈ, ਉਥੇ ਕਲੈਕਟਰ ਅਜਿਹੀ ਵਿਅਕਤੀ ਨੂੰ ਚੱਕਬੰਦੀ ਤੋਂ ਪਿਛੋਂ ਪ੍ਰਾਪਤ ਹੋਈ ਭੋਂ ਦੇ ਰਕਬੇ ਵਿਚੋਂ ਵਾਫ਼ਰ ਰਕਬੇ ਨੂੰ ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਤਰੀਕੇ ਨਾਲ ਵੱਖ ਕਰਨ ਲਈ ਵੀ ਸ਼ਕਤਵਾਨ ਹੋਵੇਗਾ।

ਧਾਰਮਕ ਜਾਂ ਦਾਨ-ਆਧਾਰੀ ਸੰਸਥਾਵਾਂ ਦੀਆਂ ਭੋਆਂ ਦੀ ਛੋਟ ।

14. ਕਿਸੇ ਅਦਾਲਤ ਜਾਂ ਅਥਾਰਿਟੀ ਦੇ ਕਿਸੇ ਨਿਰਣੇ, ਡਿਗਰੀ ਜਾਂ ਹੁਕਮ ਦੇ ਹੁੰਦਿਆਂ ਹੋਇਆਂ ਵੀ, ਇਸ ਅਧਿਆਏ ਦੇ ਉਪਬੰਧਾਂ ਅਜਿਹੀਆਂ ਭੋਆਂ ਨੂੰ ਲਾਗੂ ਨਹੀਂ ਹੋਣਗੇ ਜੋ ਲੋਕ ਪ੍ਰਕਿਰਤੀ ਦੇ ਕਿਸੇ ਅਜਿਹੇ ਧਾਰਮਕ ਜਾਂ ਦਾਨ-ਆਧਾਰੀ ਸੰਸਥਾ ਦੀਆਂ ਹਨ ਜੋ ਇਸ ਐਕਟ ਅਰੰਭ ਦੀ ਤਰੀਕ ਤੋਂ ਪਹਿਲਾਂ ਹੋਂਦ ਵਿੱਚ ਸੀ, ਪਰ ਉਹ ਮਹੰਤ, ਮੋਹਤਮਿਮ ਜਾਂ ਉਸ ਦੇ ਪ੍ਰਬੰਧਕ ਦੀਆਂ ਨਾ ਹੋਣ ;

ਪਰੰਤੂ ਇਸ ਵਿੱਚ ਉਲਿਖਤ ਛੋਟ ਕੇਵਲ ਉਸ ਸਮੇਂ ਤੱਕ ਮਿਲੇਗੀ ਜਦ ਤੱਕ ਭੋਂ ਜਾਂ ਉਸ ਤੋਂ ਹੋਈ ਆਮਦਨ ਅਜਿਹੀ ਸੰਸਥਾ ਦੇ ਉਲਿਖਤ ਪ੍ਰਯੋਜਨ ਲਈ ਵਰਤੀ ਜਾਂਦੀ ਹੈ ਅਤੇ ਅਜਿਹੀਆਂ ਭੋਆਂ ਦੇ ਪੱਟੇਦਾਰਾਂ ਨੂੰ ਮਿਲਣਯੋਗ ਨਹੀਂ ਹੋਵੇਗੀ।

ਵਿਆਖਿਆ.—ਇਸ ਧਾਰਾ ਦੇ ਪ੍ਰਯੋਜਨ ਲਈ, ਧਾਰਮਕ ਜਾਂ ਦਾਨ-ਆਧਾਰੀ ਸੰਸਥਾ ਦਾ ਮਤਲਬ ਹੈ—

(i) ਮੰਦਰ ;

(ii) ਗੁਰਦੁਆਰਾ ;

(iii) ਗਊਸ਼ਾਲਾ ;

(iv) ਵਕਫ਼, ਜਿਵੇਂ ਉਸ ਦੀ ਪਰਿਭਾਸ਼ਾ ਵਕਫ਼ ਐਕਟ, 1954 (1954 ਦਾ ਸੰਸਦ ਐਕਟ 29) ਦੀ ਧਾਰਾ 3 ਦੇ ਖੰਡ (ii) ਵਿੱਚ ਕੀਤੀ ਗਈ ਹੈ ; ਜਾਂ

(v) ਲੋਕ ਪ੍ਰਕਿਰਤੀ ਦਾ ਕੋਈ ਹੋਰ ਧਾਰਮਕ ਅਸਥਾਨ ।

Scanned with OKEN Scanner

## ਅਧਿਆਇ III

### ਫੁੱਟਕਲ

ਮੁਜ਼ਾਰਿਆਂ ਦੇ ਭੋਂ ਖਰੀਦਣ ਦੇ ਕੁੱਝ-ਕੁ ਅਧਿਕਾਰਾਂ ਦਾ ਬਚਾਉ।

15. (1) ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਮੁਜ਼ਾਹਰਾ ਜੋ ਇਸ ਐਕਟ ਦੇ ਅਰੰਭ ਹੋਣ ਤੋਂ ਤੁਰਤ ਪਹਿਲਾਂ ਪੰਜਾਬ ਕਾਨੂੰਨ ਦੀ ਧਾਰਾ 18 ਅਧੀਨ ਜਾਂ, ਜਿਹੀ ਕਿ ਸੂਰਤ ਹੋਵੇ, ਪੈਪਸੂ ਕਾਨੂੰਨ ਦੀ ਧਾਰਾ 22 ਅਧੀਨ ਆਪਣੀ ਮੁਜ਼ਾਰਗੀ ਭੋਂ ਵਿੱਚ ਸਮਾ-ਵਿਸ਼ਟ ਭੋਂ ਖਰੀਦਣ ਦਾ ਹੱਕਦਾਰ ਸੀ, ਉਹ, ਭੋਂ ਮਾਲਕ ਤੋਂ ਉਨ੍ਹਾਂ ਹੀ ਨਿਬੰਧਨਾਂ ਅਤੇ ਸ਼ਰਤਾਂ ਤੇ ਜੋ ਅਜਿਹੇ ਅਰੰਭ ਤੋਂ ਤੁਰਤ ਪਹਿਲਾਂ ਲਾਗੂ ਸਨ, ਅਜਿਹੀ ਭੋਂ ਖਰੀਦਣ ਦਾ ਹੱਕਦਾਰ ਹੋਵੇਗਾ ;

ਪਰੰਤੂ—

(i) ਮੁਜ਼ਾਰੇ ਦੁਆਰਾ ਭੋਂ ਲਈ ਅਦਾਇਗੀਯੋਗ ਰਕਮ ਅਜਿਹੀ ਭੋਂ ਲਈ ਅਦਾਇਗੀਯੋਗ ਮਾਲੀਏ (ਰੇਟਾਂ ਅਤੇ ਉਪ-ਕਰਾਂ ਸਮੇਤ) ਦੇ ਨਵੇਂ ਗੁਣਾਂ ਦੇ ਤੁਲ ਜਾਂ ਪੰਜ ਸੌ ਰੁਪਏ ਪ੍ਰਤੀ ਹੈਕਟਰ, ਜੋ ਵੀ ਘੱਟ ਹੋਵੇ, ਹੋਵੇਗੀ: ਅਤੇ

(ii) ਅਜਿਹੀ ਭੋਂ ਖ਼ਰੀਦਣ ਲਈ ਜ਼ਾਬਤਾ ਉਹ ਹੋਵੇਗਾ ਜੋ ਇਸ ਵਿੱਚ ਇਸ ਤੋਂ ਪਿਛੋਂ ਉਲਿਖਤ ਕੀਤਾ ਗਿਆ ਹੈ ਅਤੇ ਅਜਿਹੇ ਅਧਿਕਾਰ ਦੀ ਵਰਤੋਂ ਲਈ ਮਿਆਦ ਦੀ ਮੁਦੱਤ ਇਸ ਐਕਟ ਦੇ ਆਰੰਭ ਦੀ ਤਰੀਕ ਤੋਂ ਇੱਕ ਸਾਲ ਹੋਵੇਗੀ।

(2) ਉਪ-ਧਾਰਾ (1) ਅਧੀਨ ਭੋਂ ਦੀ ਖ਼ਰੀਦ ਲਈ ਦਰਖ਼ਾਸਤ ਅਧਿਕਾਰਤਾ ਰੱਖਣ ਵਾਲੇ ਪਹਿਲੇ ਦਰਜੇ ਦੇ ਸਹਾਇਕ ਕਲੈਕਟਰ ਨੂੰ ਦਿੱਤੀ ਜਾਵੇਗੀ ਜੋ, ਭੋਂ ਮਾਲਕ ਨੂੰ ਨੋਟਿਸ ਦੇਣ ਪਿੱਛੋਂ ਅਤੇ ਮੁਕੱਰਰ ਤਰੀਕੇ ਨਾਲ ਜਾਂਚ ਕਰਨ ਪਿੱਛੋਂ ਉਸ ਦੇ ਬਾਰੇ ਅਦਾਇਗੀਯੋਗ ਰਕਮ ਤੈਅ ਕਰੇਗਾ।

(3) ਮੁਜ਼ਾਰਾ ਉਪ-ਧਾਰਾ (2) ਅਧੀਨ ਤੈਅ ਕੀਤੀ ਰਕਮ ਜਾਂ ਤਾਂ ਇੱਕਮੁਸ਼ਤ ਜਾਂ ਮੁਕੱਰਰ ਤਰੀਕੇ ਨਾਲ ਵੱਧ ਤੋਂ ਵੱਧ ਪੰਦਰਾਂ ਛਿਮਾਹੀ ਕਿਸ਼ਤਾਂ ਵਿੱਚ ਅਦਾ ਕਰ ਸਕੇਗਾ।

(4) ਸਾਰੀ ਦੀ ਸਾਰੀ ਰਕਮ ਦੀ ਜਾਂ, ਜਿਹੀ ਕਿ ਸੂਰਤ ਹੋਵੇ, ਉਸ ਦੀ ਪਹਿਲੀ ਕਿਸ਼ਤ ਦੀ ਅਦਾਇਗੀ ਤੇ ਮੁਜ਼ਾਰਾ ਭੋਂ ਦਾ ਮਾਲਕ ਬਣ ਗਿਆ ਸਮਝਿਆ ਜਾਵੇਗਾਂ ਅਤੇ ਜਿੱਥੇ ਮੁਜ਼ਾਰੇ ਦਾ ਭੋਂ ਤੇ ਪਹਿਲਾਂ ਹੀ ਕਬਜ਼ਾ ਨਹੀਂ ਹੈ ਉਥੇ 'ਦ ਪੰਜਾਬ ਟੈਨੈਂਸੀ ਐਕਟ, 1887' ਦੇ ਉਪਬੰਧਾਂ ਦੇ ਤਾਬੇ, ਸਹਾਇਕ ਕਲੈਕਟਰ, ਉਸ ਨੂੰ ਉਸ ਦਾ ਕਬਜ਼ਾ ਦਿਵਾਏਗਾ।

(5) ਜੇ ਕਿਸ਼ਤਾਂ ਵਿੱਚੋਂ ਕਿਸੇ ਦੀ ਅਦਾਇਗੀ ਵਿੱਚ ਕੋਤਾਹੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਵਿਅਕਤੀ ਦੁਆਰਾ ਦਰਖ਼ਾਸਤ ਤੇ, ਸਾਰੀ ਦੀ ਸਾਰੀ ਖੜੀ ਬਾਕੀ ਮਾਲੀਏ ਦੇ ਬਕਾਏ ਵਾਂਗ ਵਸੂਲੀਯੋਗ ਹੋਵੇਗੀ।

(6) ਜੇ ਭੋਂ ਖ਼ਰੀਦੇ ਜਾਣ ਦੇ ਸਮੇਂ ਰਹਿਨ ਦੇ ਤਾਬੇ ਹੈ ਤਾਂ ਮੁਜ਼ਾਰੇ ਨੂੰ ਉਹ ਭੋਂ ਰਹਿਨ ਦੇ ਪ੍ਰਚਾਰ ਤੋਂ ਮੁਕਤ ਮੁੰਤਕਿਲ ਹੋਵੇਗੀ, ਪਰ ਰਹਿਨ ਰਕਮ ਕੀਮਤ ਖ਼ਰੀਦ ਤੇ ਭਾਰ ਹੋਵੇਗਾ।

Scanned with OKEN Scanner

ਸਰਸਰੀ ਬੇਦਖਲੀ ਅਤੇ ਜੁਰਮਾਨਾ

16. (1) ਕੋਈ ਵਿਅਕਤੀ ਜਿਸ ਦਾ ਕਿਸੇ ਅਜਿਹੀ ਭੋਂ ਤੇ—

(ੳ) ਜਿਸ ਦਾ ਇੰਤਕਾਲ ਜਾਂ ਤਾਂ ਧਿਰਾਂ ਦੇ ਕਾਰਜ ਦੁਆਰਾ ਜਾਂ ਕਾਨੂੰਨ ਦੇ ਅਮਲ ਦੁਆਰਾ ਇਸ ਐਕਟ ਦੇ ਉਪਬੰਧਾਂ ਅਧੀਨ ਨਾਜਾਇਜ਼ ਹੈ; ਜਾਂ

(ਅ) ਜਿਸ ਦੀ ਵਰਤੋਂ ਅਤੇ ਦਖ਼ਲ ਲਈ ਉਹ ਇਸ ਐਕਟ ਦੇ ਉਪਬੰਧਾਂ ਅਧੀਨ ਹੱਕਦਾਰ ਨਹੀਂ ;

ਦੋ ਸਪੂਰਨ ਜਾਂ ਅਣਅਖ਼ਤਿਆਰਤ ਕਬਜ਼ਾ ਹੈ, ਅਜਿਹੇ ਦੋਸ਼ਪੂਰਨ ਜਾਂ ਅਣਅਖ਼ਤਿਆਰਤ ਕਬਜ਼ੇ ਦੀ ਇੱਕ ਸਾਲ ਦੀ ਮੁਦੱਤ ਦੇ ਅੰਦਰ ਦਿੱਤੀ ਗਈ ਦਰਖਾਸਤ ਤੇ, ਅਤੇ ਸਰਸਰੀ ਜਾਂਚ ਪਿੱਛੋਂ, ਕਲੈਕਟਰ ਦੁਆਰਾ ਬੇਦਖ਼ਲ ਕੀਤਾ ਜਾਂ ਸਕੇਗਾ ਜੋ ਅਜਿਹੇ ਵਿਅਕਤੀ ਨੂੰ ਇੱਕ ਹਜ਼ਾਰ ਰੁਪਏ ਤੋਂ ਨ ਵਧਦਾ ਡੰਨ ਵੀ ਲਾ ਸਕੇਗਾ ।

(2) ਕਲੈਕਟਰ ਇਹ ਨਿਦੇਸ਼ ਦੇ ਸਕੇਗਾ ਕਿ ਉਪ-ਧਾਰਾ (1) ਅਧੀਨ ਆਇਆ ਗਿਆ ਸਾਰਾ ਡੰਨ ਜਾਂ ਉਸ ਦਾ ਕੋਈ ਭਾਗ ਉਸ ਵਿਅਕਤੀ ਨੂੰ ਅਦਾ ਕੀਤਾ ਜਾਵੇਗਾ ਜਿਸ ਨੇ ਭੋਂ ਦੇ ਦੋਸਪੂਰਨ ਜਾਂ ਅਣਅਖ਼ਤਿਆਰਤ ਕਬਜ਼ੇ ਦੁਆਰਾ ਕੋਈ ਹਾਨ ਜਾਂ ਨੁਕਸਾਨ ਉਠਾਇਆ ਹੈ ।

ਲੰਬਿਤ ਡਿੱਗਰੀਆਂ, ਹੁਕਮਾਂ ਅਤੇ ਨੋਟਿਸਾਂ ਦਾ ਨਿਰਾਕਰਣ ।

17. ਕਿਸੇ ਅਦਾਲਤ ਜਾਂ ਅਥਾਰਿਟੀ ਦੀ ਕੋਈ ਡਿੱਗਰੀ ਜਾਂ ਹੁਕਮ ਅਤੇ ਬੇਦਖ਼ਲੀ ਦਾ ਕੋਈ ਨੋਟਿਸ ਕੇਵਲ ਉਸ ਹੱਦ ਤੱਕ ਹੀ ਜਾਇਜ਼ ਹੋਵੇਗਾ ਜਿਸ ਤੱਕ ਉਹ ਇਸ ਐਕਟ ਦੇ ਉਪਬੰਧਾਂ ਨਾਲ ਸੰਗਤ ਹੈ, ਉਸ ਹੱਦ ਤੋਂ ਵੱਧ ਨਹੀਂ ।

ਅਪੀਲ, ਨਜ਼ਰਸਾਨੀ ਅਤੇ ਨਿਗਰਾਨੀ ।

18. ਅਪੀਲ, ਨਜ਼ਰਸਾਨੀ ਅਤੇ ਨਿਗਰਾਨੀ ਬਾਬਤ ਉਪਬੰਧ, ਇਸ ਐਕਟ ਅਧੀਨ, ਜਿੱਥੋਂ ਤੱਕ ਹੋ ਸਕੇ, ਉਹੀ ਹੋਣਗੇ ਜੋ ਕਿ ਪੰਜਾਬ ਟੇਨੈਂਸੀ ਐਕਟ, 1887' (1887 ਦਾ ਐਕਟ XVI) ਦੀਆਂ ਧਾਰਾਵਾਂ 80, 81, 82, 83 ਅਤੇ 84 ਵਿੱਚ ਉਪਬੰਧਤ ਹਨ ।

ਲਿਖਾਈ ਦੀਆਂ ਗ਼ਲਤੀਆਂ ਦੀ ਦਰੁਸਤੀ ।

19. ਕਿਸੇ ਅਫ਼ਸਰ ਜਾਂ ਅਥਾਰਿਟੀ ਦੁਆਰਾ ਇਸ ਐਕਟ ਅਧੀਨ ਪਾਸ ਕੀਤੇ ਕਿਸੇ ਹੁਕਮ ਵਿੱਚ ਲਿਖਾਈ ਅਤੇ ਹਿਸਾਬ ਦੀਆਂ ਭੁੱਲਾਂ ਜਾਂ ਕਿਸੇ ਇਤਫ਼ਾਕੀਆ ਭੁਲ-ਚੁੱਕ ਜਾਂ ਉਕਾਈ ਤੋਂ ਉਸ ਵਿੱਚ ਹੋਣ ਵਾਲੀਆਂ ਗਲਤੀਆਂ ਕਿਸੇ ਵੀ ਸਮੇਂ ਅਜਿਹੇ ਅਫ਼ਸਰ ਜਾਂ ਅਥਾਰਿਟੀ ਦੁਆਰਾ ਜਾਂ ਤਾਂ ਆਪਣੇ ਪ੍ਰਸਤਾਵ ਤੇ ਜਾਂ ਇਸ ਨਮਿਤ ਕਿਸੇ ਧਿਰ ਤੋਂ ਪ੍ਰਾਪਤ ਹੋਈ ਦਰਖਾਸਤ ਤੇ ਦਰੁਸਤ ਕੀਤੀਆਂ ਜਾ ਸਕਣਗੀਆਂ ।

ਕੋਰਟ ਫ਼ੀਸ ।

20. ਕੋਰਟ ਫ਼ੀਸ ਐਕਟ, 1870 (1870 ਦਾ VII) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਅਧੀਨ ਹਰਿਕ ਦਰਖ਼ਾਸਤ, ਅਪੀਲ ਜਾਂ ਹੋਰ ਕਾਰਵਾਈ ਤੇ ਅਜਿਹੀ ਮਾਲੀਅਤ ਦਾ ਕੋਰਟ ਫ਼ੀਸ ਸਟੈਂਪ ਲਗਿਆ ਹੋਵੇਗਾ, ਜੋ ਮੁਕੱਰਰ ਕੀਤਾ ਜਾਵੇ ।

ਅਧਿਕਾਰਤਾ ਤੇ ਬਾਰ ।

21. (1) ਜਿਵੇਂ ਇਸ ਐਕਟ ਦੁਆਰਾ ਜਾਂ ਅਧੀਨ ਉਪਬੰਧਤ ਹੈ ਉਸ ਨੂੰ ਛੱਡ ਕੇ, ਇਸ ਐਕਟ ਅਧੀਨ ਕੀਤੀ ਗਈ ਕਿਸੇ ਕਾਰਵਾਈ ਜਾਂ ਕੀਤੇ ਹੁਕਮ ਦੀ ਜਾਇਜ਼ਤਾ ਤੇ ਕਿਸੇ ਅਦਾਲਤ ਵਿੱਚ ਜਾਂ ਕਿਸੇ ਹੋਰ ਅਥਾਰਿਟੀ ਅੱਗੇ ਉਜ਼ਰ ਨਹੀਂ ਕੀਤਾ ਜਾਵੇਗਾ ।

Scanned with OKEN Scanner

(2) ਕਿਸੇ ਦੀਵਾਨੀ ਅਦਾਲਤ ਨੂੰ, ਭੌਂ ਦੇ ਚਿਤਕਾਲ ਲਈ ਮੁਆਇਦੇ ਦੇ ਵਿਸ਼ੇਸ਼ ਪਾਲਣ ਲਈ, ਜੋ ਇਸ ਐਕਟ ਅਧੀਨ ਵਾਫ਼ਰ ਰਕਬੇ ਤੇ ਰਾਜ ਸਰਕਾਰ ਦੇ ਅਧਿਕਾਰ ਤੇ ਪ੍ਰਭਾਵ ਪਾਉਂਦਾ ਹੈ, ਨਿਯਤ ਦਿਨ ਤੋਂ ਪਿੱਛੋਂ ਦਾਇਰ ਕੀਤੇ ਕਿਸੇ ਦਾਵੇ ਨੂੰ ਸੁਣਵਾਈ ਲਈ ਲੈਣ ਦੀ ਜਾਂ ਉਸ ਵਿਚ ਕੋਈ ਕਾਰਵਾਈ ਕਰਨ ਦੀ ਅਧਿਕਾਰਤਾ ਨਹੀਂ ਹੋਵੇਗੀ।

ਨਿਸਤਾਰਾ।

22. ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਨੇਕ ਨੀਤੀ ਨਾਲ ਕੀਤੀ ਗਈ ਕਿਸੇ ਗੱਲ ਦੇ ਬਾਰੇ ਕਿਸੇ ਅਥਾਰਿਟੀ ਦੇ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

ਝੂਠੇ ਬਿਆਨ ਦੇਣ ਲਈ ਡੰਨ।

23. ਜੇ ਇਸ ਐਕਟ ਅਧੀਨ ਕਿਸੇ ਕਾਰਵਾਈ ਦੇ ਅਨੁਕ੍ਰਮ ਦੇ ਦੌਰਾਨ, ਕੋਈ ਵਿਅਕਤੀ ਕੋਈ ਅਜਿਹਾ ਐਲਾਨ ਜਾਂ ਬਿਆਨ ਕਰਦਾ ਹੈ ਜਾਂ ਕੋਈ ਅਜਿਹੀ ਜਾਣਕਾਰੀ ਦਿੰਦਾ ਹੈ ਜੋ ਝੂਠ ਹੈ ਜਾਂ ਜਿਸ ਦਾ ਝੂਠ ਹੋਣਾ ਉਹ ਜਾਣਦਾ ਹੈ ਜਾਂ ਝੂਠ ਹੋਣ ਦੇ ਵਿਸ਼ਵਾਸ ਦਾ ਕਾਰਨ ਰੱਖਦਾ ਹੈ ਜਾਂ ਜਿਸ ਦੇ ਸੱਚ ਹੋਣ ਦਾ ਉਸ ਨੂੰ ਵਿਸ਼ਵਾਸ ਨਹੀਂ ਹੈ, ਉਹ ਕੈਦ ਨਾਲ ਜੋ ਦੋ ਸਾਲ ਤੱਕ ਦੀ ਹੋ ਸਕੇਗੀ ਜਾਂ ਜੁਰਮਾਨੇ ਨਾਲ ਜੋ ਦੋ ਹਜ਼ਾਰ ਰੁਪਏ ਤਕ ਹੋ ਸਕੇਗਾ ਜਾਂ ਦੋਹਾਂ ਨਾਲ, ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

ਵਸੂਲੀ ਦੀ ਵਿਧੀ।

24. ਇਸ ਐਕਟ ਅਧੀਨ ਅਦਾਇਗੀ ਯੋਗ ਕੋਈ ਰਕਮ ਜਿਸ ਵਿੱਚ ਇਸ ਐਕਟ ਅਧੀਨ ਲਾਏ ਗਏ ਡੰਨ ਦੀ ਰਕਮ ਸ਼ਾਮਲ ਹੈ, ਮਾਲੀਏ ਦੇ ਬਕਾਏ ਵਾਂਗ ਵਸੂਲ ਕੀਤੀ ਜਾ ਸਕੇਗੀ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

25. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਤ ਦੁਆਰਾ ਅਜਿਹਾ ਉਪਬੰਧ ਕਰ ਸਕੇਗੀ ਜਾਂ ਅਜਿਹੇ ਨਿਦੇਸ਼ ਦੇ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨ ਹੋਣ ਜੋ ਅਜਿਹੀ ਕਠਨਾਈ ਦੂਰ ਕਰਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ।

ਨਿਯਮ ਬਣਾਉਣ ਦੀ ਸ਼ਕਤੀ।

26. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰ ਇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ ਜਦ ਉਹ ਇਜਲਾਸ ਵਿੱਚ ਹੈ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਉਸ ਇਜਲਾਸ ਦੇ ਜਿਸ ਵਿੱਚ ਉਹ ਇਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਸ ਤੋਂ ਤੁਰੰਤ ਮਗਰੋਂ ਹੋਣ ਵਾਲੇ ਇਜਾਲਸ ਦੇ ਗੁਜ਼ਰਨ ਤੋਂ ਪਹਿਲਾਂ ਸਦਨ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਉਹ ਨਿਯਮ ਨਹੀਂ ਬਣਾਉਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪ ਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਕੋਈ ਪ੍ਰਭਾਵ ਨਹੀਂ ਰੱਖੇਗਾ ; ਐਪਰ ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

Scanned with OKEN Scanner

ਕੁਝ ਕੁ ਭੋਂਆਂ ਨੂੰ ਐਕਟ ਦੇ ਅਮਲ ਤੋਂ ਛੋਟ ।

27. ਇਸ ਐਕਟ ਦੇ ਉਪਬੰਧ ਹੇਠ-ਲਿਖੀਆਂ ਭੋਂਆਂ ਨੂੰ ਲਾਗੂ ਨਹੀਂ ਹੋਣਗੇ ,—

(ੳ) ਉਹ ਭੋਂਆਂ ਜੋ ਇਸ ਐਕਟ ਦੇ ਉਪਬੰਧਾਂ ਤੋਂ ਬਿਨਾਂ ਹੋਰਵੇਂ ਰਾਜ ਸਰਕਾਰ ਦੀ ਮਲਕੀਅਤ ਹਨ ਜਾਂ ਉਸ ਵਿੱਚ ਨਿਹਿੱਤ ਹਨ, ਜਾਂ ਰਾਜ ਸਰਕਾਰ ਦੁਆਰਾ ਪੱਟੇ ਤੇ ਲਈਆਂ ਭੋਂਆਂ ;

(ਅ) ਉਹ ਭੋਂਆਂ ਜੋ ਕਿਸੇ ਸਥਾਨਕ ਅਥਾਰਿਟੀ ਜਾਂ ਪੰਜਾਬ ਜ਼ਰਾਇਤੀ ਯੂਨੀਵਰਸਿਟੀ ਜਾਂ ਕਿਸੇ ਅਜਿਹੀ ਨਿਗਮ ਦੀਆਂ ਹਨ ਜਾਂ ਵਿੱਚ ਨਿਹਿਤ ਹਨ ਜੋ ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੀ ਮਲਕੀਅਤ ਜਾਂ ਕੰਟਰੋਲ ਅਧੀਨ ਹੈ ;

(ੲ) ਉਹ ਭੋਂਆਂ ਜੋ ਕੇਂਦਰੀ ਸਰਕਾਰ ਦੀ ਮਲਕੀਅਤ ਹਨ ਜਾਂ ਉਸ ਵਿੱਚ ਨਿਹਿੱਤ ਹਨ ਜਾਂ ਉਸ ਦੁਆਰਾ ਪੱਟੇ ਤੇ ਲਈਆਂ ਹੋਈਆਂ ਹਨ ;

(ਸ) ਉਹ ਭੋਂਆਂ ਜੋ ਪੰਜਾਬ ਭੂਦਾਨ ਯੋਜਨਾ ਐਕਟ, 1955 ਅਧੀਨ ਭੂਦਾਨ ਯੋਜਨਾ ਬੋਰਡ ਦੀ ਮਲਕੀਅਤ ਹਨ ;

(ਹ) ਉਹ ਭੋਂਆਂ ਜੋ ਕਿਸੇ ਜ਼ਰਾਇਤੀ ਸਹਿਕਾਰੀ ਉਧਾਰ ਸੋਸਾਇਟੀ, ਭੋਂ ਰਹਿਨ ਬੈਂਕ, ਰਾਜ ਜਾਂ ਕੇਂਦਰੀ ਸਹਿਕਾਰੀ ਬੈਂਕ ਜਾਂ ਕਿਸੇ ਹੋਰ ਬੈਂਕ ਦੀ ਮਲਕੀਅਤ ਹਨ ਜਾਂ ਇਨ੍ਹਾਂ ਵਿਚੋਂ ਕਿਸੇ ਦੁਆਰਾ ਧਾਰਨ ਕੀਤੀਆਂ ਹੋਈਆਂ ਹਨ ;

(ਕ) ਉਹ ਭੋਂਆਂ ਜੋ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕਿਸੇ ਅਜਿਹੀ ਸਿਖਿਅਕ ਸੰਸਥਾ ਦੀ ਮਲਕੀਅਤ ਹਨ, ਜੋ ਜਰਾਇਤੀ ਵਿਗਿਆਨਾਂ ਦੀ ਸਿਖਿਆ ਅਤੇ ਖੋਜ ਵਿੱਚ ਲੱਗੀ ਹੋਈ ਹੈ ਅਤੇ ਨਿਯਤ ਦਿਨ ਨੂੰ ਅਜਿਹੀ ਸਿਖਿਆ ਅਤੇ ਖੋਜ ਦਾ ਕੰਮ ਕਰ ਰਹੀ ਸੀ ;

(ਖ) ਉਹ ਭੋਂਆਂ ਜੋ ਲੋਕ ਪ੍ਰਕਿਰਤੀ ਦੇ ਅਜਿਹੇ ਸਿਖਿਅਕ ਟਰਸਟ ਦੀ ਮਲਕੀਅਤ ਹਨ ਜੋ ਨਿਯਤ ਦਿਨ ਨੂੰ ਹੋਂਦ ਵਿੱਚ ਸੀ ।

ਪਰੰਤੂ ਇਸ ਧਾਰਾ ਵਿੱਚ ਦੀ ਕੋਈ ਗੱਲ ਉਪਰ ਹਵਾਲਾ ਦਿੱਤੀਆਂ ਅਥਾਰਿਟੀਆਂ ਜਾਂ ਸੰਸਥਾਵਾਂ ਦੇ ਕਿਸੇ ਪੱਟੇਦਾਰ ਨੂੰ ਲਾਗੂ ਨਹੀਂ ਹੋਵੇਗੀ ।

ਵਿਆਖਿਆ.—ਖੰਡ (ਹ) ਦੇ ਪ੍ਰਯੋਜਨਾਂ ਲਈ "ਬੈਂਕ" ਦਾ ਮਤਲਬ ਹੈ 'ਦ ਬੈਂਕਿੰਗ ਰੇਗੂਲੇਸ਼ਨ ਐਕਟ, 1949 ਦੀ ਧਾਰਾ 5 ਵਿੱਚ ਯਥਾ ਪਰਿਭਾਸ਼ਤ ਬੈਂਕਿੰਗ ਕੰਪਨੀ, ਅਤੇ ਇਸ ਵਿੱਚ 'ਦ ਸਟੇਟ ਬੈਂਕ ਔਫ ਇੰਡੀਆ ਐਕਟ, 1955' ਅਧੀਨ ਗਠਤ ਸਟੇਟ ਬੈਂਕ ਔਫ ਇੰਡੀਆ, 'ਦ ਸਟੇਟ ਬੈਂਕ ਔਫ ਇੰਡੀਆ (ਸਬਸੀਡੀਅਰੀ ਬੈਂਕਸ) ਐਕਟ, 1959' ਵਿੱਚ ਸਥਾ ਪਰਿਭਾਸ਼ਤ ਸਹਾਇਕ ਬੈਂਕ 'ਦ ਬੈਂਕਿੰਗ ਕੰਪਨੀਜ਼ ਐਕੁਈਜੀਸ਼ਨ ਐਂਡ ਟਰਾਂਸਫਰ ਔਫ ਅੰਡਰਟੇਕਿੰਗਜ਼) ਐਕਟ, 1970' ਵਿੱਚ ਯਥਾ ਪਰਿਭਾਸ਼ਤ ਤਤਸਥਾਨੀ ਨਵਾਂ ਬੈਂਕ, ਐਗਰੀਕਲਚਰਲ ਰੀਫਾਈਨੈਂਸ ਕਾਰਪੋਰੇਸ਼ਨ ਐਕਟ, 1963 ਅਧੀਨ ਗਠਤ ਜ਼ਰਾਇਤੀ ਪੁਨਰ-ਵਿੱਤ ਨਿਗਮ ਸ਼ਾਮਲ ਹੈ ।

Scanned with OKEN Scanner

28. (1) 'ਦ ਪੰਜਾਬ ਸੀਕਿਉਰਿਟੀ ਔਫ਼ ਲੈਂਡ ਟੈਨਿਉਰਜ਼ ਐਕਟ, 1953' ਅਤੇ 'ਦ ਪੈਪਸੂ ਟੇਨੈਂਸੀ ਐਂਡ ਐਗਰੀਕਲਚਰਲ ਲੈਂਡਜ਼ ਐਕਟ, 1955' ਜਿੱਥੋਂ ਤੱਕ ਉਹ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਹਨ, ਇਸ ਦੁਆਰਾ ਨਿਰਸਤ ਕੀਤੇ ਜਾਂਦੇ ਹਨ । ਨਿਰਸਨ ਅਤੇ ਬਚਾਉ ।

(2) ਉਪ-ਧਾਰਾ (1) ਵਿੱਚ ਜ਼ਿਕਰ ਕੀਤੀਆਂ ਇਨੈਕਟਮੈਂਟਾਂ, ਜਿਨ੍ਹਾਂ ਦਾ ਇਸ ਤੋਂ ਪਿੱਛੋਂ ਉਕਤ ਇਨੈਕਟਮੈਂਟਾਂ ਵਜੋਂ ਹਵਾਲਾ ਦਿੱਤਾ ਗਿਆ ਹੈ, ਦਾ ਨਿਰਸਨ ਹੇਠ-ਲਿਖਿਆਂ ਤੇ ਪ੍ਰਭਾਵ ਨਹੀਂ ਪਾਵੇਗਾ —

(i) ਇਸ ਐਕਟ ਦੇ ਅਰੰਭ ਤੋਂ ਤੁਰਤ ਪਹਿਲਾਂ, ਉਕਤ ਇਨੈਕਟਮੈਂਟਾਂ ਵਿਚੋਂ ਕਿਸੇ ਅਧੀਨ, ਵਾਫ਼ਰ ਰਕਬਾ ਤੈਅ ਕਰਨ ਲਈ ਲੰਬਿਤ ਕਾਰਵਾਈਆਂ, ਜੋ ਚਾਲੂ ਰੱਖੀਆਂ ਜਾਣਗੀਆਂ ਅਤੇ ਇਸ ਤਰ੍ਹਾਂ ਨਿਪਟਾਈਆਂ ਜਾਣਗੀਆਂ ਜਿਵੇਂ ਕਿ ਇਹ ਐਕਟ ਪਾਸ ਹੀ ਨ ਹੋਇਆ ਹੋਵੇ ਅਤੇ ਇਸ ਤਰ੍ਹਾਂ ਤੈਅ ਕੀਤਾ ਵਾਫ਼ਰ ਰਕਬਾ ਰਾਜ ਸਰਕਾਰ ਵਿੱਚ ਨਿਹਿੱਤ ਹੋ ਜਾਵੇਗਾ ਅਤੇ ਰਾਜ ਸਰਕਾਰ ਦੁਆਰਾ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਵਰਤੋਂ ਵਿੱਚ ਲਿਆਂਦਾ ਜਾਵੇਗਾ :

ਪਰੰਤੂ ਅਜਿਹੀਆਂ ਕਾਰਵਾਈਆਂ, ਜਿੱਥੋਂ ਤੱਕ ਹੋ ਸਕੇ, ਉਸ ਸਟੇਜ ਤੇ, ਜਿਸ ਤੇ ਉਹ ਇਸ ਐਕਟ ਦੇ ਅਰੰਭ ਤੋਂ ਤੁਰਤ ਪਹਿਲਾਂ ਸਨ, ਇਸ ਐਕਟ ਦੁਆਰਾ ਜਾਂ ਅਧੀਨ ਉਲਿਖਿਤ ਜ਼ਾਬਤੇ ਦੇ ਅਨੁਸਾਰ ਚਾਲੂ ਰੱਖੀਆਂ ਜਾਣਗੀਆਂ ਅਤੇ ਨਿਪਟਾਈਆਂ ਜਾਣਗੀਆਂ ਅਤੇ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਤੁਰਤ ਪਹਿਲਾਂ ਪੈਪਸੂ ਭੋਂ ਕਮਿਸ਼ਨ ਅੱਗੇ ਲੰਬਿਤ ਮਾਮਲੇ ਸੰਬੰਧਤ ਜ਼ਿਲੇ ਦੇ ਕੁਲੈਕਟਰ ਨੂੰ ਨਿਪਟਾਰੇ ਲਈ ਬਦਲ ਜਾਣਗੇ ;

ਪਰੰਤੂ ਇਹ ਹੋਰ ਕਿ ਇਸ ਧਾਰਾ ਵਿੱਚ ਦੀ ਕੋਈ ਗੱਲ, ਉਪਰ ਹਵਾਲਾ ਦਿੱਤੇ ਵਾਫ਼ਰ ਰਕਬੇ ਤੋਂ ਬਿਨਾਂ ਹੋਰ ਵਾਫ਼ਰ ਰਕਬਾ, ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਤੇ ਅਕਰਣ ਅਤੇ ਵਰਤੋਂ ਕਰਣ ਤੇ ਕੋਈ ਪ੍ਰਭਾਵ ਨਹੀਂ ਪਾਵੇਗੀ ;

(ii) ਉਕਤ ਇਨੈਕਟਮੈਂਟਾਂ ਦੇ ਪੂਰਵ ਅਮਲ ਜਾਂ ਉਨ੍ਹਾਂ ਅਧੀਨ ਠੀਕ ਤੌਰ ਤੇ ਕੀਤੀ ਜਾ ਸਹੀ ਕੋਈ ਗੱਲ ;

(iii) ਉਕਤ ਇਨੈਕਟਮੈਂਟਾਂ ਅਧੀਨ ਅਰਜਤ ਕਿਸੇ ਅਧਿਕਾਰ, ਹਾਸਲ ਹੋਏ ਵਿਸ਼ੇਸ਼-ਅਧਿਕਾਰ ਜਾਂ ਉਠਾਈ ਕਿਸੇ ਬਾਂਧ ਜਾਂ ਦੇਣਦਾਰੀ; ਜਿੱਥੋਂ ਤਕ ਅਜਿਹਾ ਅਧਿਕਾਰ, ਵਿਸ਼ੇਸ਼-ਅਧਿਕਾਰ, ਬਾਂਧ ਜਾਂ ਦੇਣਦਾਰੀ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਹੀਂ ਹੈ ਅਤੇ ਅਜਿਹੇ ਅਧਿਕਾਰ, ਵਿਸ਼ੇਸ਼-ਅਧਿਕਾਰ, ਬਾਂਧ ਜਾਂ ਦੇਣਦਾਰੀ ਦੇ ਬਾਰੇ ਕੋਈ ਕਾਰਵਾਈ ਜਾਂ ਚਾਰਾਜੋਈ ਦਾਇਰ ਕੀਤੀ ਚਾਲੂ ਰੱਖੀ ਜਾਂ ਨਾਫ਼ਜ਼ ਕੀਤੀ ਜਾ ਸਕੇਗੀ ਜਿਵੇਂ ਕਿ ਇਹ ਐਕਟ ਪਾਸ ਹੀ ਨ ਹੋਇਆ ਹੋਵੇ ।

ਪਰੰਤੂ ਅਜਿਹੀ ਕਾਰ ਵਾਈ ਜਾਂ ਚਾਰਾਜੋਈ, ਜਿਥੋਂ ਤਕ ਹੋ ਸਕੇ, ਇਸ ਐਕਟ ਦੁਆਰਾ ਜਾਂ ਅਧੀਨ ਉਲਿਖਤ ਜ਼ਾਬਤੇ ਦੀ ਅਨੁਸਾਰਤਾ ਵਿੱਚ ਦਾਇਰ ਕੀਤੀ, ਚਾਲੂ ਰੱਖੀ ਜਾਂ ਨਾਫ਼ਜ਼ ਕੀਤੀ ਜਾਵੇਗੀ ।

ਬੀ.ਐਸ. ਨੈਹਰਾ,
ਕਾਨੂੰਨੀ ਮਸ਼ੀਰ ਅਤੇ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ, ਪੰਜਾਬ ।

Scanned with OKEN Scanner